Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition
Vol : 4 : # ਅੰਕ 61 | 09/07/2025 | www.samajweekly.com | samajweekly | @samajweekly | samajweekly

# ਪੰਜਾਬ ਵਿੱਚ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਦਾ ਆਗਾਜ਼

## ਸੂਬੇ ਦੇ 65 ਲੱਖ ਪਰਿਵਾਰਾਂ ਦਾ ਕੀਤਾ ਜਾਵੇਗਾ 10 ਲੱਖ ਰੁਪਏ ਸਾਲਾਨਾ ਦਾ ਬੀਮਾ

**ਚੰਡੀਗੜ੍ਹ।** ਪੰਜਾਬ ਸਰਕਾਰ ਵੱਲੋਂ ਅੱਜ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਦਾ ਆਗਾਜ਼ ਕੀਤਾ ਗਿਆ ਹੈ। ਇਹ ਆਗਾਜ਼ ਅੱਜ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ, ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਪੰਜਾਬ ਦੇ ਸਿਹਤ ਮੰਤਰੀ ਡਾਕਟਰ ਬਲਬੀਰ ਸਿੰਘ ਵੱਲੋਂ ਚੰਡੀਗੜ੍ਹ ਦੇ ਸੈਕਟਰ 35 ਵਿਖੇ ਸਥਿਤ ਮਿਊਂਸੀਪਲ ਭਵਨ ਵਿੱਚ ਕੀਤਾ ਗਿਆ। ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਤਹਿਤ ਸੂਬੇ ਦੇ 65 ਲੱਖ ਪਰਿਵਾਰਾਂ ਦਾ 10 ਲੱਖ ਰੁਪਏ ਸਾਲਾਨਾ ਦਾ ਕੈਸ਼ਲੈੱਸ ਬੀਮਾ ਕੀਤਾ ਜਾਵੇਗਾ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਦੀ ਸ਼ੁਰੂਆਤ ਅਕਤੂਬਰ 2025 ਤੋਂ ਕੀਤੀ ਜਾਵੇਗੀ। ਉਹਨਾਂ ਕਿਹਾ ਕਿ ਬੀਮੇ ਨਾਲ ਸੂਬੇ ਦੇ ਸਰਕਾਰੀ ਅਤੇ ਪ੍ਰਾਈਵੇਟ ਹਸਪਤਾਲਾਂ ਵਿੱਚ ਲੋਕਾਂ ਦਾ ਕੈਸ਼ਲੈੱਸ ਇਲਾਜ ਕੀਤਾ ਜਾਵੇਗਾ। ਉਹਨਾਂ ਕਿਹਾ ਕਿ ਇਸ ਯੋਜਨਾ ਅਧੀਨ ਸੂਬੇ ਦੇ ਸਾਰੇ ਸਰਕਾਰੀ ਕਰਮਚਾਰੀਆਂ




ਸਣੇ ਹਰ ਵਰਗ ਦੇ ਲੋਕਾਂ ਨੂੰ ਸ਼ਾਮਿਲ ਕੀਤਾ ਜਾਵੇਗਾ। ਮਾਨ ਨੇ ਕਿਹਾ ਕਿ ਪੰਜਾਬ ਵਿੱਚ ਪੁਰਾਣੀਆਂ ਸਰਕਾਰਾਂ ਵੱਲੋਂ ਲੋਕਾਂ ਨੂੰ ਨੀਲੇ ਅਤੇ ਪੀਲੇ ਕਾਰਡਾਂ ਦੇ ਚੱਕਰ ਵਿੱਚ ਫਸਾਇਆ ਹੋਇਆ ਸੀ ਪਰ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਲੋਕਾਂ ਨੂੰ ਨੀਲੇ ਅਤੇ ਪੀਲੇ ਕਾਰਡਾਂ ਵਿੱਚੋਂ ਬਾਹਰ ਕੱਢ ਕੇ ਵੋਟਰ ਕਾਰਡ ਅਤੇ ਆਧਾਰ ਕਾਰਡ ’ਤੇ ਨਿਰਭਰ ਕਰ ਦਿੱਤਾ। ਹੁਣ ਪੰਜਾਬ ਦਾ ਕੋਈ ਵੀ ਵਸਨੀਕ ਆਪਣਾ ਵੋਟਰ ਕਾਰਡ ਅਤੇ ਆਧਾਰ ਕਾਰਡ ਦਿਖਾ ਕੇ ਇਹ ਸਿਹਤ ਕਾਰਡ ਤਿਆਰ ਕਰਵਾ ਸਕੇਗਾ ਜਿਸ ਨਾਲ ਉਸ ਦੇ ਪਰਿਵਾਰ ਨੂੰ 10 ਲੱਖ ਰੁਪਏ ਸਾਲਾਨਾ ਤੱਕ ਦਾ ਮੁਫਤ ਇਲਾਜ ਮੁਹੱਈਆ ਕੀਤਾ ਜਾਵੇਗਾ। ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਕਿਸੇ ਵੀ ਦੇਸ਼ ਨੂੰ ਵਿਸ਼ਵ ਗੁਰੂ ਬਣਾਉਣ ਲਈ ਸਿਹਤ ਅਤੇ ਸਿੱਖਿਆ ਸਿਸਟਮ ਦਾ ਮਜ਼ਬੂਤ ਹੋਣਾ ਜ਼ਰੂਰੀ ਹੈ। ਆਮ ਆਦਮੀ ਪਾਰਟੀ ਨੇ ਪੰਜਾਬ ਵਿੱਚ ਸਿਹਤ ਅਤੇ ਸਿੱਖਿਆ ਸਿਸਟਮ ਨੂੰ ਮਜ਼ਬੂਤ ਕੀਤਾ ਹੈ। ਉਹਨਾਂ ਕਿਹਾ ਕਿ ਆਜ਼ਾਦੀ ਤੋਂ ਬਾਅਦ ਹੀ ਦੇਸ਼ ਭਰ ਵਿੱਚ ਸਿਹਤ ਅਤੇ ਸਿੱਖਿਆ ਸਿਸਟਮ ਦੀ ਮਜ਼ਬੂਤੀ ਲਈ ਧਿਆਨ ਕੇਂਦਰਿਤ ਕਰਨ ਦੀ ਜ਼ਰੂਰਤ ਸੀ ਪਰ ਅਜਿਹਾ ਨਹੀਂ ਕੀਤਾ ਗਿਆ।

# ਅਮਰੀਕਾ ਚ ਮਨਾਉਣ ਗਏ ਸੀ ਛੁੱਟੀਆਂ, ਗੱਡੀ ਸੜ ਕੇ ਸੁਆਹ, ਚਾਰੇ ਪਰਿਵਾਰਕ ਮੈਂਬਰਾਂ ਦੀ ਮੌਤ



**ਅਮਰੀਕਾ।** ਅਮਰੀਕਾ ਦੇ ਡੱਲਾਸ ਵਿੱਚ ਇੱਕ ਭਿਆਨਕ ਸੜਕ ਹਾਦਸੇ ਵਿੱਚ ਹੈਦਰਾਬਾਦ ਦੇ ਇੱਕ ਪਰਿਵਾਰ ਦੇ ਚਾਰ ਮੈਂਬਰਾਂ ਦੀ ਮੌਤ ਹੋ ਗਈ ਹੈ। ਮ੍ਰਿਤਕਾਂ ਵਿੱਚ ਤੇਜਸਵਿਨੀ ਅਤੇ ਸ਼੍ਰੀ ਵੈਂਕਟ ਜੋੜਾ ਅਤੇ ਉਨ੍ਹਾਂ ਦੇ ਦੋ ਬੱਚੇ ਸ਼ਾਮਲ ਹਨ। ਅਮਰੀਕਾ ਵਿੱਚ ਇੱਕ ਦਰਦ-ਨਾਕ ਸੜਕ ਹਾਦਸੇ ਵਿੱਚ ਇੱਕ ਪਰਿਵਾਰ ਦੇ ਚਾਰ ਮੈਂਬਰਾਂ ਦੀ ਮੌਤ ਹੋ ਗਈ ਹੈ। ਇਹ ਪਰਿਵਾਰ ਹੈਦਰਾਬਾਦ ਦਾ ਰਹਿਣ ਵਾਲਾ ਸੀ। ਇਹ ਹਾਦਸਾ ਉਸ ਸਮੇਂ ਵਾਪਰਿਆ ਜਦੋਂ ਇੱਕ ਟਰੱਕ ਨੇ ਡੱਲਾਸ ਵਿੱਚ ਪਰਿਵਾਰ ਦੇ ਮੈਂਬਰ ਜਿਸ ਕਾਰ ਵਿੱਚ ਯਾਤਰਾ ਕਰ ਰਹੇ ਸਨ, ਉਸ ਨੂੰ ਟੱਕਰ ਮਾਰ ਦਿੱਤੀ। ਮ੍ਰਿਤਕਾਂ ਵਿੱਚ ਦੋ ਬੱਚੇ ਸ਼ਾਮਲ ਹਨ। ਹੈਦਰਾਬਾਦ ਵਿੱਚ ਰਹਿਣ ਵਾਲੇ ਇਸ ਪਰਿਵਾਰ ਦੀ ਪਛਾਣ ਤੇਜਸਵਿਨੀ ਅਤੇ ਸ਼੍ਰੀ ਵੈਂਕਟ ਵਜੋਂ ਹੋਈ ਹੈ। ਇਹ ਪਰਿਵਾਰ ਆਪਣੇ ਬੱਚਿਆਂ ਨਾਲ ਅਮਰੀਕਾ ਵਿੱਚ ਛੁੱਟੀਆਂ ਮਨਾ ਰਿਹਾ ਸੀ। ਹੈਦਰਾਬਾਦ ਦਾ ਇਹ ਪਰਿਵਾਰ ਪਿਛਲੇ ਹਫ਼ਤੇ ਆਪਣੇ ਰਿਸ਼ਤੇਦਾਰਾਂ ਨੂੰ ਮਿਲਣ ਲਈ ਅਟਲਾਂਟਾ ਗਿਆ ਸੀ। ਇੱਕ ਹਫ਼ਤੇ ਬਾਅਦ, ਅਟਲਾਂਟਾ ਤੋਂ ਡੱਲਾਸ ਵਾਪਸ ਆਉਂਦੇ ਸਮੇਂ, ਉਨ੍ਹਾਂ ਦੀ ਕਾਰ ਅੱਧੀ ਰਾਤ ਦੇ ਕਰੀਬ ਹਾਦਸੇ ਦਾ ਸ਼ਿਕਾਰ ਹੋ ਗਈ। ਸਥਾਨਕ ਪੁਲਿਸ ਦੇ ਅਨੁਸਾਰ, ਸੜਕ ਦੇ ਗਲਤ ਪਾਸੇ ਚੱਲ ਰਹੇ ਇੱਕ ਮਿੰਨੀ ਟਰੱਕ ਨੇ ਕਾਰ ਨੂੰ ਟੱਕਰ ਮਾਰ ਦਿੱਤੀ। ਟੱਕਰ ਹੁੰਦੇ ਹੀ ਕਾਰ ਨੂੰ ਅੱਗ ਲੱਗ ਗਈ, ਜਿਸ ਨਾਲ ਉਸ ਵਿੱਚ ਸਵਾਰ ਸਾਰੇ ਲੋਕ ਮੌਕੇ 'ਤੇ ਹੀ ਮਾਰੇ ਗਏ।

# ਤਾਮਿਲ ਨਾਡੂ: ਸਕੂਲ ਵੈਨ ਤੇ ਰੇਲਗੱਡੀ ਦੀ ਟੱਕਰ; ਦੋ ਵਿਦਿਆਰਥੀਆਂ ਦੀ ਮੌਤ



**ਕੁੱਡਾਲੋਰ(ਤਾਮਿਲ ਨਾਡੂ)** ਇਥੇ ਸੇਮਾਨਗੁਪਮ ਵਿਚ ਰੇਲਵੇ ਕਰਾਸਿੰਗ ’ਤੇ ਅੱਜ ਸਵੇਰੇ ਯਾਤਰੀ ਰੇਲਗੱਡੀ ਦੇ ਸਕੂਲ ਵੈਨ ਨਾਲ ਟਕਰਾਉਣ ਕਰਕੇ ਦੋ ਵਿਦਿਆਰਥੀਆਂ (12 ਸਾਲਾ ਲੜਕੇ ਤੇ 16 ਸਾਲਾ ਲੜਕੀ) ਦੀ ਮੌਤ ਹੋ ਗਈ। ਰੇਲਗੱਡੀ ਦੀ ਟੱਕਰ ਇੰਨੀ ਜ਼ਬਰਦਸਤ ਸੀ ਕਿ ਸਕੂਲ ਵੈਨ ਦੂਰ ਜਾ ਕੇ ਡਿੱਗੀ। ਲੋਕੋ ਪਾਇਲਟ ਰੇਲਗੱਡੀ ਨੂੰ ਕਿਸੇ ਤਰ੍ਹਾਂ ਰੋਕਣ ਵਿਚ ਕਾਮਯਾਬ ਰਿਹਾ। ਰੇਲਵੇ ਨੇ ਸੁਰੱਖਿਆ ਨੇਮਾਂ ਦੀ ਉਲੰਘਣਾ ਬਦਲੇ ਰੇਲਵੇ ਕਰਾਸਿੰਗ ’ਤੇ ਤਾਇਨਾਤ ਗੇਟਕੀਪਰ ਨੂੰ ਮੁਅੱਤਲ ਕਰ ਦਿੱਤਾ ਹੈ। ਰੇਲਵੇ ਨੇ ਪੀੜਤਾਂ ਦੇ ਵਾਰਸਾਂ ਲਈ 5-5 ਲੱਖ ਰਪਏ, ਗੰਭੀਰ ਜ਼ਖ਼ਮੀਆਂ ਲਈ ਢਾਈ ਢਾਈ ਲੱਖ ਜਦੋਂਕਿ ਮਾਮੂਲੀ ਜ਼ਖ਼ਮੀਆਂ ਲਈ 50-50 ਹਜ਼ਾਰ ਰੁਪਏ ਦੇ ਮੁਆਵਜ਼ੇ ਦਾ ਐਲਾਨ ਕੀਤਾ ਹੈ। ਤਾਮਿਲ ਨਾਡੂ ਦੇ ਮੁੱਖ ਮੰਤਰੀ ਐੱਮ.ਕੇ.ਸਟਾਲਿਨ ਨੇ ਹਾਦਸੇ ਵਿਚ ਵਿਦਿਆਰਥੀਆਂ ਦੀ ਮੌਤ ’ਤੇ ਦੁੱਖ ਜਤਾਉਂਦਿਆਂ ਪੀੜਤਾਂ ਦੇ ਵਾਰਸਾਂ ਨੂੰ 5-5 ਲੱਖ ਰੁਪਏ ਦਾ ਮੁਆਵਜ਼ਾ ਦੇਣ ਦਾ ਐਲਾਨ ਕੀਤਾ ਹੈ। ਮੌਕੇ ’ਤੇ ਪੁੱਜੇ ਸੀਨੀਅਰ ਪੁਲੀਸ ਅਧਿਕਾਰੀਆਂ ਨੇ ਜ਼ਖ਼ਮੀਆਂ ਨੂੰ ਸਰਕਾਰੀ ਹਸਪਤਾਲ ਪਹੁੰਚਾਇਆ। ਹਾਦਸੇ ਮਗਰੋਂ ਭੜਕੇ ਲੋਕ ਗੇਟਕੀਪਰ ਦੇ ਦੁਆਲੇ ਹੋ ਗਏ, ਪਰ ਮੌਕੇ ’ਤੇ ਪੁੱਜੇ ਐੱਸਪੀ ਜੈ.ਕੁਮਾਰ ਨੇ ਵਿਚ ਪੈ ਕੇ ਉਸ ਦਾ ਬਚਾਅ ਕੀਤਾ। ਹਾਦਸੇ ਵਿਚ ਸਕੂਲ ਵੈਨ ਬੁਰੀ ਤਰ੍ਹਾਂ ਨੁਕਸਾਨੀ ਗਈ।

# ਸੰਜੇ ਵਰਮਾ ਕਤਲ ਮਾਮਲੇ ’ਚ ਅਬੋਹਰ ਨੇੜੇ 2 ਮੁਲਜ਼ਮਾਂ ਦਾ ਐਨਕਾਊਂਟਰ, 2 ਮੁਲਜ਼ਮਾਂ ਦੀ ਮੌਤ

**ਅਬੋਹਰ।** ਅਬੋਹਰ ਨੇੜੇ ਵੱਡਾ ਐਨਕਾਊਂਟਰ ਹੋਇਆ ਹੈ। ਕੱਪੜਾ ਕਾਰੋਬਾਰੀ ਦੇ ਕਤਲ ਤੋਂ ਬਾਅਦ ਪੁਲਿਸ ਨੇ ਵੱਡੀ ਕਾਰਵਾਈ ਕੀਤੀ ਹੈ। ਮੁਕਾ-ਬਲੇ ਵਿਚ ਦੋ ਮੁਲਜ਼ਮ ਢੇਰ ਹੋਣ ਦੀ ਖ਼ਬਰ ਹੈ। ਅਬੋਹਰ ਵਿੱਚ ਸੰਜੇ ਵਰਮਾ ਹੱਤਿਆਕਾਂਡ ਮਾਮਲੇ ਵਿੱਚ ਪੁਲਿਸ ਨੇ ਵੱਡਾ ਐਕਸ਼ਨ ਲਿਆ ਹੈਲ ਪੁਲਿਸ ਨੇ ਦੋ ਮੁਲਜ਼ਮਾਂ ਨੂੰ ਮੁਕਾਬਲੇ ਵਿਚ ਮਾਰ-ਮੁਕਾਇਆ ਹੈ। ਪੁਲਿਸ ਮੁਤਾਬਕ 30 ਬੋਰ ਦਾ ਪਿਸਟਲ ਰਿਕਵਰ ਹੋਇਆ ਹੋਇਆ ਹੈ। ਮਾਰੇ ਗਏ ਮੁਲਜ਼ਮ ਕਤਲ ਕੇਸ ‘ਚ ਸ਼ਾਮਲ ਸਨ। ਦੱਸਿਆ ਜਾ ਰਿਹਾ ਕਿ ਅਬੋਹਰ ਦੇ ਪੰਜਪੀਰ ਇਲਾਕੇ ਦੇ ਨੇੜੇ ਦੋ ਮੁਲਜ਼ਮ ਦਾ ਐਨਕਾਊਂਟਰ ਕਰ ਦਿੱਤਾ ਗਿਆ ਹੈ ਲ ਜਿਨ੍ਹਾਂ ਦੀਆਂ ਲਾਸ਼ਾਂ ਮੌਕੇ ਉਤੇ ਪਈਆਂ ਹਨ। ਹਾਲਾਂਕਿ ਇਸ ਕਾਰਵਾਈ ਦੌਰਾਨ ਇੱਕ ਪੁਲਿਸ ਕਰਮਚਾਰੀ ਦੇ ਵੀ ਗੋਲੀ ਲੱਗੀ ਹੈ ਲ ਜਿਸ ਨੂੰ ਇਲਾਜ ਦੇ ਲਈ ਅਬੋਹਰ ਦੇ



ਸਰਕਾਰੀ ਹਸਪਤਾਲ ਦੇ ਵਿੱਚ ਦਾਖਲ ਕਰਵਾਇਆ ਗਿਆ ਹੈ। ਇਸ ਕਤਲ ਦੀ ਯੋਜਨਾ ਲਾਰੈਂਸ ਬਿਸ਼ਨੋਈ ਗੈਂਗ ਨੇ ਬਣਾਈ ਸੀ, ਜੋ ਇਸ ਸਮੇਂ ਗੁਜਰਾਤ ਦੀ ਜੇਲ੍ਹ ਵਿੱਚ ਬੰਦ ਹੈ। ਹਮਲੇ ਦਾ ਮਾਸਟਰਮਾਈਂਡ ਆਰਜ਼ੂ ਬਿਸ਼ਨੋਈ ਦੱਸਿਆ ਜਾ ਰਿਹਾ ਹੈ। ਮੁਕਾਬਲੇ ਵਿੱਚ ਗੈਂਗਸਟਰ ਰਾਮ ਰਤਨ ਅਤੇ ਜਸਪ੍ਰੀਤ ਸਿੰਘ ਮਾਰੇ ਗਏ। ਪੰਜਾਬ ਪੁਲਿਸ ਦੀ ਟੀਮ ਗ੍ਰਿਫ਼ਤਾਰ ਕੀਤੇ ਗਏ ਗੈਂਗਸਟਰਾਂ ਰਾਮ ਰਤਨ ਅਤੇ ਜਸਪ੍ਰੀਤ ਸਿੰਘ ਨੂੰ ਹਥਿਆਰਾਂ ਦੀ ਬਰਾਮਦਗੀ ਲਈ ਲੈ ਜਾ ਰਹੀ ਸੀ। ਇਸ ਦੌਰਾਨ, ਤਿੰਨ ਅਣਪਛਾਤੇ ਹਮਲਾਵਰਾਂ ਨੇ ਪੁਲਿਸ ਟੀਮ 'ਤੇ ਗੋਲੀਬਾਰੀ ਕਰਕੇ ਗੈਂਗਸਟਰ ਨੂੰ ਛੁਡਾਉਣ ਦੀ ਕੋਸ਼ਿਸ਼ ਕੀਤੀ। ਮਾਰੇ ਗਏ ਗੈਂਗਸਟਰ ਨੇ ਗੋਲੀਬਾਰੀ ਕਰਨ ਵਾਲਿਆਂ ਨੂੰ ਹਥਿਆਰ ਅਤੇ ਹੋਰ ਮਦਦ ਮੁਹੱਈਆ ਕਰਵਾਈ ਸੀ। ਮੁਕਾਬਲੇ ਵਿੱਚ ਸੀਨੀਅਰ ਕਾਂਸਟੇਬਲ ਮਨਿੰਦਰ ਸਿੰਘ ਜ਼ਖਮੀ ਹੋ ਗਿਆ। ਪੁਲਿਸ ਨੂੰ ਮੌਕੇ ਤੋਂ ਕਈ ਮਹੱਤਵਪੂਰਨ ਸੁਰਾਗ ਮਿਲੇ ਹਨ, ਜਾਂਚ ਜਾਰੀ ਹੈ ਅਤੇ ਜਲਦੀ ਹੀ ਕਈ ਗ੍ਰਿਫ਼ਤਾਰੀਆਂ ਹੋ ਸਕਦੀਆਂ ਹਨ।

# ਚਿੱਟੇ ਦੀ ਓਵਰਡੋਜ਼ ਨਾਲ ਨੌਜਵਾਨ ਦੀ ਮੌਤ, ਮਾਪਿਆਂ ਦਾ ਇਕਲੌਤਾ ਪੁੱਤਰ ਸੀ ਹੈਵਨਦੀਪ ਸਿੰਘ



**ਬਠਿੰਡਾ।** ਬਠਿੰਡਾ ਜ਼ਿਲ੍ਹੇ ਦੇ ਪਿੰਡ ਕੋਟਸ਼ਮੀਰ ਦੀ ਚਹਿਲ ਪੱਤੀ ਦੇ ਵਸਨੀਕ 22 ਸਾਲਾਂ ਨੌਜਵਾਨ ਹੈਵਨਦੀਪ ਸਿੰਘ ਪੁੱਤਰ ਸਵ: ਕੁਲਵੰਤ ਸਿੰਘ ਦੀ ਚਿੱਟੇ ਦਾ ਟੀਕਾ ਲਗਾਉਣ ਨਾਲ ਮੌਤ ਹੋ ਗਈ। ਦੱਸਿਆ ਜਾਂਦਾ ਹੈ ਹੈਵਨਦੀਪ ਸਿੰਘ ਮਾਪਿਆਂ ਦਾ ਇਕਲੌਤਾ ਪੁੱਤਰ ਸੀ ਤੇ ਕੁਝ ਸਾਲ ਪਹਿਲਾਂ ਉਸ ਦੇ ਪਿਤਾ ਦੀ ਵੀ ਮੌਤ ਹੋ ਗਈ ਸੀ। ਨੌਜਵਾਨ ਦੀ ਇਕ ਭੈਣ ਹੈ ਜੋ ਕੈਨੇਡਾ 'ਚ ਪੜ੍ਹਾਈ ਕਰ ਰਹੀ ਹੈ। ਨੌਜਵਾਨ ਲੰਬੇ ਸਮੇਂ ਤੋਂ ਚਿੱਟੇ ਦਾ ਆਦੀ ਸੀ ਚਾਚੇ ਤਾਇਆਂ ਦੇ ਬਹੁਤ ਦੀ ਜ਼ਿਆਦਾ ਸਮਝਾਉਣ ਤੇ ਨਸ਼ਾ ਛੁਡਾਊ ਹਸਪਤਾਲਾਂ 'ਚ ਭਰਤੀ ਕਰਵਾਉਣ ਦੇ ਬਾਵਜੂਦ ਵੀ ਨੌਜਵਾਨ ਇਸ ਪਾਸੇ ਤੋਂ ਆਪਣੇ ਆਪ ਨੂੰ ਮੋੜ ਨਾ ਸਕਿਆ। ਪਰਿਵਾਰ ਦੇ ਦੱਸਣ ਮੁਤਾਬਿਕ ਘਰ ਵਿਚ ਦੋਵੇਂ ਮਾਂ ਪੁੱਤ ਹੀ ਰਹਿੰਦੇ ਸਨ ਕਿ ਬੀਤੇ ਕੱਲ੍ਹ ਮਾਤਾ ਤਖਤ ਸ੍ਰੀ ਦਮਦਮਾ ਸਾਹਿਬ ਮੱਥਾ ਟੇਕਣ ਗਈ ਸੀ, ਪਿੱਛੋਂ ਨੌਜਵਾਨ ਨੇ ਕਮਰੇ ਦਾ ਅੰਦਰ ਵੜਕੇ ਕੁੰਡੀ ਲਗਾ ਕੇ ਚਿੱਟੇ ਦਾ ਟੀਕਾ ਲਗਾ ਲਿਆ, ਜਿਸ ਨਾਲ ਉਸ ਦੀ ਮੌਤ ਹੋ ਸਾਲ ਗਈ। ਮਾਤਾ ਦੇ ਘਰ ਵਾਪਸ ਆਉਣ ’ਤੇ ਉਸਨੂੰ ਪਤਾ ਲੱਗਾ।

# ਅੰਬੇਦਕਰ ਚਾਹੁੰਦੇ ਸਨ ਕਿ ਨਿਆਂਪਾਲਿਕਾ ਕਾਰਜਪਾਲਿਕਾ ਦੇ ਦਖਲ ਤੋਂ ਮੁਕਤ ਹੋਵੇ : ਚੀਫ਼ ਜਸਟਿਸ ਗਵਈ

**'ਅੰਬੇਦਕਰ ਨੇ ਕਿਹਾ ਸੀ ਕਿ ਅਸੀਂ ਸਾਰੇ ਸੰਵਿਧਾਨ ਦੀ ਸਰਵਉੱਚਤਾ ਵਿਚ ਵਿਸ਼ਵਾਸ ਕਰਦੇ ਹਾਂ '**

**ਮੁੰਬਈ ।** ਚੀਫ਼ ਜਸਟਿਸ ਬੀ.ਆਰ. ਗਵਈ ਨੇ ਕਿਹਾ ਹੈ ਕਿ ਡਾ. ਬੀ.ਆਰ. ਅੰਬੇਦਕਰ ਨੇ ਸੰਵਿਧਾਨ ਦੀ ਸਰਵਉੱਚਤਾ ਬਾਰੇ ਗੱਲ ਕੀਤੀ ਅਤੇ ਉਨ੍ਹਾਂ ਦਾ ਮੰਨਣਾ ਸੀ ਕਿ ਨਿਆਂਪਾਲਿਕਾ ਨੂੰ ਕਾਰਜਪਾਲਿਕਾ ਦੇ ਦਖਲ ਤੋਂ ਮੁਕਤ ਹੋਣਾ ਚਾਹੀਦਾ ਹੈ। ਉਹ ਮਹਾਰਾਸ਼ਟਰ ਵਿਧਾਨ ਸਭਾ ਵਲੋਂ ਚੋਟੀ ਦੇ ਨਿਆਂਇਕ ਅਹੁਦੇ ਉਤੇ ਤਰੱਕੀ ਮਿਲਣ ਉਤੇ ਸਨਮਾਨਿਤ ਕੀਤੇ ਜਾਣ ਤੋਂ ਬਾਅਦ ਬੋਲ ਰਹੇ ਸਨ। ਗਵਈ ਨੇ ਵਿਧਾਨ ਸਭਾ ਨੂੰ ਸੰਬੋਧਨ ਕਰਦਿਆਂ ਕਿਹਾ, ‘‘ਅੰਬੇਦਕਰ ਨੇ ਕਿਹਾ ਸੀ ਕਿ ਅਸੀਂ ਸਾਰੇ ਸੰਵਿਧਾਨ ਦੀ ਸਰਵਉੱਚਤਾ ਵਿਚ ਵਿਸ਼ਵਾਸ ਕਰਦੇ ਹਾਂ ਜੋ ਸ਼ਾਂਤੀ ਅਤੇ ਜੰਗ ਦੌਰਾਨ ਦੇਸ਼ ਨੂੰ ਇਕਜੁੱਟ ਰੱਖੇਗਾ।’’ ਚੀਫ ਜਸਟਿਸ ਨੇ ਕਿਹਾ ਕਿ ਸੰਵਿਧਾਨ ਤਿੰਨ ਪੱਖ - ਕਾਰਜਪਾਲਿਕਾ, ਵਿਧਾਨ ਸਭਾ ਅਤੇ ਨਿਆਂਪਾਲਿਕਾ ਨੂੰ ਅਧਿਕਾਰ ਦਿੰਦਾ ਹੈ ਅਤੇ ਅੰਬੇਦਕਰ ਅਨੁਸਾਰ ਨਿਆਂਪਾਲਿਕਾ ਨੂੰ ਨਾਗਰਿਕਾਂ ਦੇ



ਅਧਿਕਾਰਾਂ ਦੀ ਨਿਗਰਾਨੀ ਅਤੇ ਰੱਖਿਅਕ ਵਜੋਂ ਕੰਮ ਕਰਨਾ ਚਾਹੀਦਾ ਹੈ। ਉਨ੍ਹਾਂ ਅੱਗੇ ਕਿਹਾ, ‘‘ਅੰਬੇਦਕਰ ਨੇ ਇਹ ਵੀ ਕਿਹਾ ਕਿ ਨਿਆਂਪਾਲਿਕਾ ਨੂੰ ਕਾਰਜਪ-ਾਲਿਕਾ ਦੇ ਦਖਲ ਤੋਂ ਮੁਕਤ ਹੋਣਾ ਚਾਹੀਦਾ ਹੈ।’’ ਸੀ.ਜੇ.ਆਈ. ਨੇ ਅੰਬੇਦਕਰ ਦੇ ਹਵਾਲੇ ਨਾਲ ਇਹ ਵੀ ਕਿਹਾ ਕਿ ਸੰਵਿਧਾਨ ਸਥਿਰ ਨਹੀਂ ਹੋ ਸਕਦਾ, ਇਸ ਨੂੰ ਜੈਵਿਕ ਹੋਣਾ ਚਾਹੀਦਾ ਹੈ ਅਤੇ ਵਿਕਸਤ ਹੁੰਦਾ ਰਹਿਣਾ ਚਾਹੀਦਾ ਹੈ। ਇਸ ਤੋਂ ਪਹਿਲਾਂ ਮਹਾਰਾਸ਼ਟਰ ਵਿਧਾਨ ਸਭਾ ਦੇ ਦੋਹਾਂ ਸਦਨਾਂ ਨੇ ਗਵਈ ਨੂੰ ਚੋਟੀ ਦੇ ਅਹੁਦੇ ਉਤੇ ਤਰੱਕੀ ਉਤੇ ਵਧਾਈ ਦਿਤੀ। ਵਿਧਾਨ ਸਭਾ ਵਲੋਂ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਨੇ ਉਨ੍ਹਾਂ ਨੂੰ ਸਨਮਾਨਿਤ ਵੀ ਕੀਤਾ।


Samaj Weekly

ਸਮਾਜ ਵੀਕਲੀ

Editor-in-chief
Devinder Chander
+44 7878 456 484


Editorial Office

Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com


ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

# 10 ਕੇਂਦਰੀ ਟਰੇਡ ਯੂਨੀਅਨਾਂ ਵਲੋਂ ਭਲਕੇ ‘ਭਾਰਤ ਬੰਦ’ ਦਾ ਸੱਦਾ

**ਨਵੀਂ ਦਿੱਲੀ ।** ਬੈਂਕਿੰਗ, ਬੀਮਾ, ਕੋਲਾ ਖਾਣਾਂ, ਡਾਕ ਅਤੇ ਨਿਰਮਾਣ ਵਰਗੇ ਜਨਤਕ ਸੇਵਾਵਾਂ ਖੇਤਰਾਂ ਦੇ 25 ਕਰੋੜ ਤੋਂ ਵੱਧ ਮੁਲਾਜ਼ਮ ਬੁਧਵਾਰ ਨੂੰ ਦੇਸ਼ ਵਿਆਪੀ ਆਮ ਹੜਤਾਲ ਵਿਚ ਹਿੱਸਾ ਲੈਣ ਲਈ ਤਿਆਰ ਹਨ।10 ਕੇਂਦਰੀ ਟਰੇਡ ਯੂਨੀਅਨਾਂ ਅਤੇ ਉਨ੍ਹਾਂ ਦੇ ਸਹਿਯੋਗੀਆਂ ਦੇ ਗਠਜੋੜ ਨੇ ਸਰਕਾਰ ਦੀਆਂ ਮਜ਼ਦੂਰ ਵਿਰੋਧੀ, ਕਿਸਾਨ ਵਿਰੋਧੀ ਅਤੇ ਰਾਸ਼ਟਰ ਵਿਰੋਧੀ ਕਾਰਪੋਰੇਟ ਪੱਖੀ ਨੀਤੀਆਂ ਦੇ ਵਿਰੋਧ ਵਿਚ ‘ਭਾਰਤ ਬੰਦ’ ਦਾ ਸੱਦਾ ਦਿਤਾ ਹੈ। ਆਲ ਇੰਡੀਆ ਟਰੇਡ ਯੂਨੀਅਨ ਕਾਂਗਰਸ ਦੀ ਅਮਰਜੀਤ ਕੌਰ ਨੇ ਕਿਹਾ, ‘‘ਹੜਤਾਲ ਵਿਚ 25 ਕਰੋੜ ਤੋਂ ਵੱਧ ਮਜ਼ਦੂਰਾਂ ਦੇ ਹਿੱਸਾ ਲੈਣ ਦੀ ਉਮੀਦ ਹੈ। ਦੇਸ਼ ਭਰ ਦੇ ਕਿਸਾਨ ਅਤੇ ਪੇਂਡੂ ਮਜ਼ਦੂਰ ਵੀ ਵਿਰੋਧ ਪ੍ਰਦਰਸ਼ਨ ਵਿਚ ਸ਼ਾਮਲ ਹੋਣਗੇ।’’ ਇਸ ਵਿਚ ਦੇਸ਼ ਵਿਆਪੀ ਆਮ ਹੜਤਾਲ ਨੂੰ ਸਫਲ ਬਣਾਉਣ ਉਤੇ ਜ਼ੋਰ ਦਿਤਾ ਗਿਆ ਹੈ ਅਤੇ ਰਸਮੀ ਅਤੇ ਗੈਰ ਰਸਮੀ/ਗੈਰ-



ਸੰਗਠਤ ਅਰਥਵਿਵਸਥਾ ਦੇ ਸਾਰੇ ਖੇਤਰਾਂ ਦੀਆਂ ਯੂਨੀਅਨਾਂ ਨੇ ਸਰਗਰਮੀ ਨਾਲ ਤਿਆਰੀਆਂ ਕੀਤੀਆਂ ਹਨ। ਉਨ੍ਹਾਂ ਕਿਹਾ, ‘‘ਅਸੀਂ ਸਰਕਾਰ ਤੋਂ ਮੰਗ ਕਰ ਰਹੇ ਹਾਂ ਕਿ ਬੇਰੁਜ਼ਗਾਰੀ ਨੂੰ ਦੂਰ ਕੀਤਾ ਜਾਵੇ, ਮਨਜ਼ੂਰਸ਼ੁਦਾ ਅਸਾਮੀਆਂ ਉਤੇ ਭਰਤੀਆਂ ਕੀਤੀਆਂ ਜਾਣ, ਵਧੇਰੇ ਨੌਕਰੀਆਂ ਪੈਦਾ ਕੀਤੀਆਂ ਜਾਣ, ਮਨਰੇਗਾ ਮਜ਼ਦੂਰਾਂ ਦੇ ਦਿਨਾਂ ਅਤੇ ਮਿਹਨਤਾਨੇ ਵਿਚ ਵਾਧਾ ਕੀਤਾ ਜਾਵੇ ਅਤੇ ਸ਼ਹਿਰੀ ਖੇਤਰਾਂ ਲਈ ਵੀ ਅਜਿਹਾ ਕਾਨੂੰਨ ਬਣਾਇਆ ਜਾਵੇ। ਪਰ ਸਰਕਾਰ ਇਸ ਦੀ ਬਜਾਏ ਰੁਜ਼ਗਾਰਦਾਤਾਵਾਂ ਨੂੰ ਪ੍ਰੋਤਸਾਹਨ ਦੇਣ ਲਈ ਈ.ਐਲ.ਆਈ. (ਰੁਜ਼ਗਾਰ ਨਾਲ ਜੁੜੇ ਪ੍ਰੋਤਸਾਹਨ) ਯੋਜਨਾ ਲਾਗੂ ਕਰਨ ਵਿਚ ਰੁੱਝੀ ਹੋਈ ਹੈ।’’


## ਪੱਤਰਕਾਰਾਂ ਦੀ ਲੋੜ

ਇੰਗਲੈਂਡ ਦੇ ਹਰ ਇਲਾਕੇ ’ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।

Editor-in-chief : **Devinder Chander**

**Mob: 07878 456 484**

ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

# ਹਿਮਾਚਲ ਪ੍ਰਦੇਸ਼ ਵਿਚ 14 ਜੁਲਾਈ ਤੱਕ ਭਾਰੀ ਮੀਂਹ ਪੈਣ ਦੀ ਪੇਸ਼ੀਨਗੋਈ



**ਸ਼ਿਮਲਾ।** ਮੌਸਮ ਵਿਭਾਗ ਨੇ ਹਿਮਾਚਲ ਪ੍ਰਦੇਸ਼ ਦੇ ਅੱਠ ਜ਼ਿਲ੍ਹਿਆਂ ਵਿਚ ਅਗਲੇ 24 ਘੰਟਿਆਂ ਦੌਰਾਨ ਭਾਰੀ ਮੀਂਹ ਦੇ ਨਾਲ ਹੜ੍ਹਾਂ ਦੀ ਚੇਤਾਵਨੀ ਜਾਰੀ ਕੀਤੀ ਹੈ। ਵਿਭਾਗ ਮੁਤਾਬਕ ਸ਼ਿਮਲਾ, ਕਾਂਗੜਾ, ਸੋਲਨ, ਕੁੱਲੂ, ਮੰਡੀ, ਸਿਰਮੌਰ, ਚੰਬਾ ਤੇ ਊਨਾ ਜ਼ਿਲ੍ਹਿਆਂ ਵਿਚ ਨਦੀ ਨਾਲਿਆਂ 'ਚ ਅਚਾਨਕ ਹੜ੍ਹ ਆਉਣ ਦਾ ਹਲਕੇ ਤੋਂ ਦਰਮਿਆਨ ਜੋਖ਼ਮ ਹੈ। ਵਿਭਾਗ ਨੇ ਮੀਂਹ ਤੇ ਹੜ੍ਹਾਂ ਕਰਕੇ ਢਿੱਗਾਂ ਡਿੱਗਣ, ਜ਼ਮੀਨ ਖੁਰਣ ਤੇ ਨੀਵੇਂ ਇਲਾਕਿਆਂ ਵਿਚ ਪਾਣੀ ਭਰਨ ਦਾ ਵੀ ਖਦਸ਼ਾ ਪ੍ਰਗਟਾਇਆ ਹੈ। ਵਿਭਾਗ ਨੇ 14 ਜੁਲਾਈ ਤੱਕ ਪੀਲਾ ਅਲਰਟ ਜਾਰੀ ਕਰਦਿਆਂ ਉਪਰੋਕਤ ਅੱਠ ਜ਼ਿਲ੍ਹਿਆਂ ਵਿਚ 8 ਤੋਂ 14 ਜੁਲਾਈ ਦਰਮਿਆਨ ਇੱਕਾ ਦੁੱਕਾ ਥਾਵਾਂ 'ਤੇ ਹਲਕੇ ਤੋਂ ਭਾਰੀ ਮੀਂਹ ਦੀ ਪੇਸ਼ੀਨਗੋਈ ਕੀਤੀ ਹੈ। ਇਸ ਦੌਰਾਨ ਪਿਛਲੇ 24 ਘੰਟਿਆਂ ਵਿਚ ਸੂਬੇ ਵਿਚ ਹਲਕੇ ਤੋਂ ਦਰਮਿਆਨਾ ਮੀਂਹ ਪੈਣ ਦੀਆਂ ਰਿਪੋਰਟਾਂ ਹਨ। ਸਿਰਮੌਰ ਦੇ ਪੱਛੜ ਵਿਚ 110 ਮਿਲੀਮੀਟਰ ਮੀਂਹ ਪਿਆ ਹੈ। ਇਸੇ ਤਰ੍ਹਾਂ ਮੰਡੀ ਦੇ ਗੋਹਰ ਵਿਚ 90 ਮਿਲੀਮੀਟਰ, ਬੈਜਨਾਥ 60 ਮਿਲੀਮੀਟਰ, ਨਾਹਨ 54.2 ਮਿਲੀਮੀਟਰ, ਕਸੌਲੀ 40 ਮਿਲੀਮੀਟਰ, ਸੋਲਨ ਦੇ ਰਾਜਗੜ੍ਹ ਵਿਚ 30 ਮਿਲੀਮੀਟਰ, ਸ਼ਿਮਲਾ 19 ਮਿਲੀਮੀਟਰ, ਕਾਂਗੜਾ 11.9 ਮਿਲੀਮੀਟਰ ਤੇ ਮੰਡੀ ਵਿਚ 11.2 ਮਿਲੀਮੀਟਰ ਮੀਂਹ ਪਿਆ ਹੈ।

## ਖੜਗੇ ਵੱਲੋਂ ਜਲ, ਜੰਗਲ ਤੇ ਜ਼ਮੀਨ ਬਚਾਉਣ ਦਾ ਹੋਕਾ



**ਰਾਏਪੁਰ।** ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਹੁਕਮਰਾਨ ਭਾਜਪਾ 'ਤੇ ਚੋਣ ਵਾਅਦਿਆਂ ਤੋਂ ਭੱਜਣ ਦਾ ਦੋਸ਼ ਲਾਉਂਦਿਆਂ ਲੋਕਾਂ ਨੂੰ ਆਪਣੇ ਜਲ, ਜੰਗਲ ਅਤੇ ਜ਼ਮੀਨ ਬਚਾਉਣ ਲਈ ਇਕਜੁੱਟ ਰਹਿਣ ਦਾ ਸੱਦਾ ਦਿੱਤਾ। ਉਨ੍ਹਾਂ ਭਾਜਪਾ 'ਤੇ ਇਹ ਵੀ ਦੋਸ਼ ਲਾਇਆ ਕਿ ਉਹ ਕੇਂਦਰੀ ਜਾਂਚ ਏਜੰਸੀਆਂ ਦੀ ਦੁਰਵਰਤੋਂ ਕਰਕੇ ਦੇਸ਼ 'ਚ ਹਰ ਕਿਸੇ ਨੂੰ ਡਰਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਮੋਹਲੇਧਾਰ ਮੀਂਹ ਦਰਮਿਆਨ 'ਜੈ ਜਵਾਨ-ਜੈ ਕਿਸਾਨ-ਜੈ ਸੰਵਿਧਾਨ' ਰੈਲੀ ਨੂੰ ਸੰਬੋਧਨ ਕਰਦਿਆਂ ਰਾਜ ਸਭਾ 'ਚ ਵਿਰੋਧੀ ਧਿਰ ਦੇ ਆਗੂ ਖੜਗੇ ਨੇ ਦਾਅਵਾ ਕੀਤਾ ਕਿ ਮੋਦੀ ਸਰਕਾਰ ਅਧੀਨ ਗਰੀਬਾਂ ਨੂੰ ਲੁੱਟਿਆ ਜਾ ਰਿਹਾ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ 'ਤੇ ਵਰ੍ਹਦਿਆਂ ਖੜਗੇ ਨੇ ਕਿਹਾ ਕਿ ਉਨ੍ਹਾਂ ਕੋਲ ਵਿਦੇਸ਼ੀ ਮੁਲਕਾਂ ਦੇ ਦੌਰੇ ਦਾ ਸਮਾਂ ਹੈ ਪਰ ਮਨੀਪੁਰ ਜਾਣ ਦੀ ਵਿਹਲ ਨਹੀਂ ਹੈ ਜਿਥੇ ਮਈ 2023 ਤੋਂ ਜਾਤੀਗਤ ਹਿੰਸਾ ਹੋ ਰਹੀ ਹੈ। ਉਨ੍ਹਾਂ ਕਿਹਾ ਕਿ ਭਾਜਪਾ ਸੋਨੀਆ ਗਾਂਧੀ ਅਤੇ ਰਾਹੁਲ ਗਾਂਧੀ ਨੂੰ ਨੈਸ਼ਨਲ ਹੈਰਾਲਡ ਮਾਮਲੇ 'ਚ ਫਸਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਖੜਗੇ ਨੇ ਕਿਹਾ, ''ਭਾਜਪਾ ਦੀ ਹਰ ਕਿਸੇ ਨੂੰ ਡਰਾਉਣ ਦੀ ਆਦਤ ਬਣ ਗਈ ਹੈ। ਤੁਸੀਂ ਤਾਂ ਹੀ ਬਚੋਗੇ ਜਦੋਂ ਤੁਸੀਂ ਡਰੋਗੇ ਨਹੀਂ। ਜੇ ਅਸੀਂ ਜਲ, ਜੰਗਲ, ਜ਼ਮੀਨ ਬਚਾਉਣਾ ਚਾਹੁੰਦੇ ਹਾਂ ਤਾਂ ਫਿਰ ਤੁਹਾਨੂੰ ਭਾਜਪਾ ਖ਼ਿਲਾਫ਼ ਰਲ ਕੇ ਲੜਨਾ ਪਵੇਗਾ।'' ਉਨ੍ਹਾਂ ਕਿਹਾ ਕਿ ਅਡਾਨੀ ਅਤੇ ਅੰਬਾਨੀ ਵਰਗੇ ਕਾਰੋਬਾਰੀ ਛੱਤੀਸਗੜ੍ਹ ਆ ਕੇ ਜ਼ਮੀਨਾਂ 'ਤੇ ਕਬਜ਼ੇ ਕਰ ਰਹੇ ਹਨ।


SHAM LAL CHANDER

ID no. 921760

BUILDING MAINTENANCE HANDYMAN (CHECKATRADE)



Sham Lal Chander building maintenance handyman Under checkatrade platform is now available on your local London Area. They have fully trained and experienced tradesmen and do genuinely fast responses to all online enquiries. Their team are knowledgeable and providing on-time service. They have been providing remodelling, repairing and maintaining for over five years.

SPECIALITY:

PLUMBING : - Repairs/Replacement of Bathrooms accessories (sink, taps, tubs, showers, Toilets etc.

ELECTRICIAN :- Repairs/Replacement of all types of Sockets, Switches, Lamps, Fans, Cameras, Washing machines, Cookers, Alarms, Mount TV on walls, etc.

MASONRY WORK: - Plastering, skimming, Brick Work, Slabs Lying, Drive Ways, Roof maintenance etc.

CARPENTRY: - Laminate Flooring, Fencing, Flat Packs Assembling, Doors repairing/ replacing, Skirting, Decking, Selves making etc.

For more information please contact at www.checkatrade.com

Chander Consultants Limited, London, UK 07488841161

# ਆਰ.ਸੀ.ਐਫ. ਇੰਪਲਾਈਜ਼ ਯੂਨੀਅਨ ਅਤੇ ਇੰਡੀਅਨ ਰੇਲਵੇ ਇੰਪਲਾਈਜ ਫੈਡਰੇਸ਼ਨ ਵੱਲੋਂ ਅੱਜ ਦੀ ਦੇਸ਼ ਵਿਆਪੀ ਹੜਤਾਲ ਨੂੰ ਪੂਰਾ ਸਮਰਥਨ

## ਵਿਸ਼ਾਲ ਰੋਸ ਰੈਲੀ ਸੰਪੰਨ, ਅੱਜ ਵਰਕਸ਼ਾਪ ਗੇਟ 'ਤੇ ਹੋਵੇਗਾ ਪ੍ਰਦਰਸ਼ਨ

**ਕਪੂਰਥਲਾ, (ਕੌੜਾ )–** ਰੇਲਵੇ ਕੋਚ ਫੈਕਟਰੀ (ਆਰ.ਸੀ.ਐਫ.) ਐਂਪਲਾਈਜ਼ ਯੂਨੀਅਨ ਅਤੇ ਇੰਡੀਅਨ ਰੇਲਵੇ ਐਂਪਲਾਈਜ਼ ਫੈਡਰੇਸ਼ਨ, ਕੇਂਦਰੀ ਟਰੇਡ ਯੂਨੀਅਨਾਂ ਵੱਲੋਂ 9 ਜੁਲਾਈ, 2025 ਨੂੰ ਬੁਲਾਈ ਗਈ ਦੇਸ਼ ਵਿਆਪੀ ਹੜਤਾਲ ਨੂੰ ਆਪਣਾ ਪੂਰਾ ਅਤੇ ਜ਼ੋਰਦਾਰ ਸਮਰਥਨ ਦਿੰਦੇ ਹਨ। ਇਹ ਹੜਤਾਲ ਪੁਰਾਣੀ ਪੈਨਸ਼ਨ ਯੋਜਨਾ ਦੀ ਬਹਾਲੀ, ਸਰਕਾਰ ਦੁਆਰਾ ਥੋਪੇ ਗਏ ਚਾਰ ਕਿਰਤ ਕਾਨੂੰਨਾਂ, ਠੇਕਾ ਪ੍ਰਣਾਲੀ ਦੇ ਵਧਦੇ ਚਲਨ ਅਤੇ ਭਾਰਤੀ ਰੇਲਵੇ ਸਮੇਤ ਹੋਰ ਜਨਤਕ ਅਦਾਰਿਆਂ ਦੇ ਨਿੱਜੀਕਰਨ ਦੇ ਵਿਰੋਧ ਵਿੱਚ ਕੀਤੀ ਜਾ ਰਹੀ ਹੈ। ਇਸੇ ਲੜੀ ਵਿੱਚ, ਅੱਜ 8 ਜੁਲਾਈ, 2025 ਨੂੰ ਆਰ.ਸੀ.ਐਫ. ਇੰਪਲਾਈਜ਼ ਯੂਨੀਅਨ ਦੁਆਰਾ ਆਰ.ਸੀ.ਐਫ. ਵਰਕਰ ਕਲੱਬ ਤੋਂ ਕਲੋਨੀ ਤੱਕ ਇੱਕ ਵਿਸ਼ਾਲ ਰੋਸ ਰੈਲੀ ਕੱਢੀ ਗਈ, ਜਿਸ ਵਿੱਚ ਹਜ਼ਾਰਾਂ ਕਰਮਚਾਰੀਆਂ ਨੇ ਵੱਧ-ਚੜ੍ਹ ਕੇ ਹਿੱਸਾ ਲਿਆ ਅਤੇ ਭਾਰਤ ਸਰਕਾਰ ਦੀਆਂ ਸਾਮਰਾਜ-ਪੱਖੀ ਅਤੇ ਕਰਮਚਾਰੀ ਵਿਰੋਧੀ ਨੀਤੀਆਂ ਦੇ ਖਿਲਾਫ ਜ਼ੋਰਦਾਰ ਨਾਅਰੇਬਾਜ਼ੀ ਕੀਤੀ। ਇਸ ਰੋਸ ਰੈਲੀ ਦਾ ਉਦੇਸ਼ ਕਰਮਚਾਰੀਆਂ ਨੂੰ ਲਾਮਬੰਦ ਕਰਨਾ ਅਤੇ ਕੱਲ੍ਹ 9 ਜੁਲਾਈ ਦੀ ਹੜਤਾਲ ਪ੍ਰਤੀ ਜਾਗਰੂਕਤਾ ਵਧਾਉਣਾ ਸੀ।

ਆਰ.ਸੀ.ਐਫ. ਇੰਪਲਾਈਜ਼ ਯੂਨੀਅਨ ਅਤੇ ਇੰਡੀਅਨ ਰੇਲਵੇ ਐਂਪਲਾਈਜ਼ ਫੈਡਰੇਸ਼ਨ ਦੇ ਰਾਸ਼ਟਰੀ ਜਨਰਲ ਸਕੱਤਰ, ਸ੍ਰੀ ਸਰਬਜੀਤ ਸਿੰਘ ਨੇ ਇਸ ਮੌਕੇ ਕਿਹਾ ਕਿ ਸਰਕਾਰ ਇਹਨਾਂ ਨਵੇਂ ਕਿਰਤ ਕਾਨੂੰਨਾਂ ਨੂੰ ਲਾਗੂ ਕਰਕੇ ਕਰਮਚਾਰੀਆਂ ਨੂੰ ਉਹਨਾਂ ਦੇ ਅਧਿਕਾਰਾਂ ਲਈ ਆਵਾਜ਼ ਉਠਾਉਣ ਤੋਂ ਰੋਕਣ ਦੀ ਸਾਜ਼ਿਸ਼ ਰਚ ਰਹੀ ਹੈ, ਅਤੇ ਯੂਨੀਅਨ ਇਸ ਸਾਜ਼ਿਸ਼ ਨੂੰ ਕਦੇ ਕਾਮਯਾਬ ਨਹੀਂ ਹੋਣ ਦੇਵੇਗੀ। ਉਹਨਾਂ ਨੇ ਠੇਕਾ ਪ੍ਰਣਾਲੀ ਅਤੇ ਨਿੱਜੀਕਰਨ 'ਤੇ ਚਿੰਤਾ ਪ੍ਰਗਟ ਕਰਦਿਆਂ ਕਿਹਾ ਕਿ ਇਹ ਨੀਤੀਆਂ ਪੂਰੀ ਇੰਡੀਅਨ ਰੇਲਵੇ ਨੂੰ ਸਿਉਂਕ ਵਾਂਗ ਖੋਖਲਾ ਕਰ ਰਹੀਆਂ ਹਨ, ਜਿਸ ਲਈ ਅੰਦੋਲਨ ਨੂੰ ਹੋਰ ਤੇਜ਼ ਕੀਤਾ ਜਾਵੇਗਾ। ਸ੍ਰੀ ਸਿੰਘ ਨੇ ਪੁਰਾਣੀ ਪੈਨਸ਼ਨ ਬਹਾਲੀ ਦੇ ਮੁੱਦੇ ਨੂੰ ਕਰਮਚਾਰੀਆਂ ਦਾ ਇੱਕ ਅਹਿਮ ਮੁੱਦਾ ਦੱਸਿਆ, ਜਿਸ



ਲਈ ਯੂਨੀਅਨ ਸੰਘਰਸ਼ ਕਰਦੀ ਆ ਰਹੀ ਹੈ ਅਤੇ ਇਸਨੂੰ ਲਾਗੂ ਕਰਵਾ ਕੇ ਰਹੇਗੀ, ਕਿਉਂਕਿ ਇਹ ਮੁੱਦਾ ਕਰਮਚਾਰੀਆਂ ਦੇ ਹਿੱਤਾਂ ਨਾਲ ਸਿੱਧਾ ਜੁੜਿਆ ਹੋਇਆ ਹੈ।

ਆਰ.ਸੀ.ਐਫ. ਐਂਪਲਾਈਜ਼ ਯੂਨੀਅਨ ਦੇ ਪ੍ਰਧਾਨ, ਸ੍ਰੀ ਅਮਰੀਕ ਸਿੰਘ ਨੇ ਸਰਕਾਰ ਦੀਆਂ ਕਰਮਚਾਰੀ-ਵਿਰੋਧੀ ਨੀਤੀਆਂ ਦੀ ਸਖ਼ਤ ਨਿੰਦਾ ਕਰਦਿਆਂ ਕਿਹਾ ਕਿ ਸਰਕਾਰ ਕਰਮਚਾਰੀ ਵਿਰੋਧੀ ਨੀਤੀਆਂ ਨੂੰ ਕਰਮਚਾਰੀਆਂ 'ਤੇ ਥੋਪਣ ਦੀ ਕੋਸ਼ਿਸ਼ ਕਰ ਰਹੀ ਹੈ, ਜੋ ਕਿ ਯੂਨੀਅਨ ਕਦੇ ਬਰਦਾਸ਼ਤ ਨਹੀਂ ਕਰੇਗੀ, ਕਿਉਂਕਿ ਯੂਨੀਅਨ ਹਮੇਸ਼ਾ ਕਰਮਚਾਰੀਆਂ ਦੇ ਹਿੱਤਾਂ ਵਿੱਚ ਖੜ੍ਹੀ ਰਹੀ ਹੈ ਅਤੇ ਖੜ੍ਹੀ ਰਹੇਗੀ।

09 ਜੁਲਾਈ, 2025 (ਬੁੱਧਵਾਰ) ਨੂੰ ਸਵੇਰੇ 7:30 ਵਜੇ, ਡਾ. ਭੀਮ ਰਾਓ ਅੰਬੇਡਕਰ ਚੌਕ (ਵਰਕਸ਼ਾਪ ਚੌਕ) ਵਿਖੇ ਇੱਕ ਜ਼ੋਰਦਾਰ ਵਿਰੋਧ ਪ੍ਰਦਰਸ਼ਨ ਅਤੇ ਨਾਅਰੇਬਾਜ਼ੀ ਕੀਤੀ ਜਾਵੇਗੀ, ਜਿਸ ਵਿੱਚ ਰੇਲ ਕੋਚ ਫੈਕਟਰੀ ਦੇ ਹਜ਼ਾਰਾਂ ਕਰਮਚਾਰੀ ਸ਼ਾਮਲ ਹੋਣਗੇ। ਇਹ ਰੋਸ ਪ੍ਰਦਰਸ਼ਨ ਭਾਰਤ ਸਰਕਾਰ ਦੀਆਂ ਮਜ਼ਦੂਰ ਵਿਰੋਧੀ ਨੀਤੀਆਂ ਦੇ ਖਿਲਾਫ ਹੋਵੇਗਾ ਅਤੇ ਕੇਂਦਰੀ ਟਰੇਡ ਯੂਨੀਅਨ ਦੀ ਹੜਤਾਲ ਦੇ ਸਮਰਥਨ ਵਿੱਚ ਕੀਤਾ ਜਾਵੇਗਾ, ਜਿਸ ਰਾਹੀਂ ਸਰਕਾਰ ਦੀਆਂ ਕਰਮਚਾਰੀ-ਵਿਰੋਧੀ ਨੀਤੀਆਂ ਦੇ ਖਿਲਾਫ ਆਵਾਜ਼ ਬੁਲੰਦ ਕੀਤੀ ਜਾਵੇਗੀ ਅਤੇ ਪੁਰਾਣੀ ਪੈਨਸ਼ਨ ਯੋਜਨਾ ਦੀ ਬਹਾਲੀ, ਕਿਰਤ ਕਾਨੂੰਨਾਂ ਦੇ ਵਿਰੋਧ ਅਤੇ ਠੇਕਾ ਪ੍ਰਣਾਲੀ ਤੇ ਨਿੱਜੀਕਰਨ ਵਿਰੁੱਧ ਨਾਅਰੇ ਲਗਾਏ ਜਾਣਗੇ। ਆਰ.ਸੀ.ਐਫ. ਐਂਪਲਾਈਜ਼ ਯੂਨੀਅਨ ਅਤੇ ਇੰਡੀਅਨ ਰੇਲਵੇ ਐਂਪਲਾਈਜ਼ ਫੈਡਰੇਸ਼ਨ ਸਾਰੇ ਕਰਮਚਾਰੀਆਂ ਨੂੰ ਇਹਨਾਂ ਵਿਰੋਧ ਪ੍ਰੋਗਰਾਮਾਂ ਵਿੱਚ ਵਧ-ਚੜ੍ਹ ਕੇ ਹਿੱਸਾ ਲੈਣ ਅਤੇ 9 ਜੁਲਾਈ ਦੀ ਦੇਸ਼ ਵਿਆਪੀ ਹੜਤਾਲ ਨੂੰ ਸਫਲ ਬਣਾਉਣ ਦੀ ਅਪੀਲ ਕਰਦੇ ਹਨ, ਕਿਉਂਕਿ ਇਹ ਸੰਘਰਸ਼ ਕਰਮਚਾਰੀਆਂ ਦੇ ਭਵਿੱਖ ਅਤੇ ਅਧਿਕਾਰਾਂ ਦੀ ਰਾਖੀ ਲਈ ਬਹੁਤ ਮਹੱਤਵਪੂਰਨ ਹੈ।

ਅੱਜ ਦੀ ਇਸ ਰੋਸ ਰੈਲੀ ਨੂੰ ਸਫਲ ਬਣਾਉਣ ਲਈ ਆਲ ਇੰਡੀਆ ਓ.ਬੀ.ਸੀ. ਰੇਲਵੇ ਐਂਪਲਾਈਜ਼ ਐਸੋਸੀਏਸ਼ਨ, ਆਲ ਇੰਡੀਆ ਐਸ.ਸੀ./ਐਸ.ਟੀ. ਰੇਲਵੇ ਐਂਪਲਾਈਜ਼ ਐਸੋਸੀਏਸ਼ਨ ਆਦਿ ਸਮੇਤ ਯੂਨੀਅਨ ਦੇ ਸਰਪ੍ਰਸਤ ਸਰਦਾਰ ਪਰਮਜੀਤ ਸਿੰਘ ਖਾਲਸਾ, ਖਜ਼ਾਨਚੀ ਹਰਵਿੰਦਰ ਪਾਲ, ਕਾਰਜਕਾਰੀ ਪ੍ਰਧਾਨ ਮਨਜੀਤ ਸਿੰਘ ਬਾਜਵਾ, ਵਧੀਕ ਜਨਰਲ ਸਕੱਤਰ ਅਮਰੀਕ ਸਿੰਘ ਗਿੱਲ, ਜਸਪਾਲ ਸਿੰਘ ਸ਼ੇਖੋਂ, ਅਰਵਿੰਦ ਕੁਮਾਰ ਸ਼ਾਹ, ਤ੍ਰਿਲੋਚਨ ਸਿੰਘ, ਤਲਵਿੰਦਰ ਸਿੰਘ, ਅਵਤਾਰ ਸਿੰਘ, ਬੱਚੀਤਰ ਸਿੰਘ, ਨਰਿੰਦਰ ਕੁਮਾਰ, ਪ੍ਰਦੀਪ ਸਿੰਘ, ਹਰਪ੍ਰੀਤ ਸਿੰਘ, ਸੰਜੇ ਕੁਮਾਰ, ਰਮਨਦੀਪ ਸਿੰਘ, ਸੰਜੀਵ ਕੁਮਾਰ, ਵਿਨੋਦ ਕੁਮਾਰ, ਅਸ਼ਵਨੀ ਕੁਮਾਰ, ਲੱਕੀ ਭਾਟੀਆ, ਅਨਿਲ ਕੁਮਾਰ, ਜਗਜੀਤ ਸਿੰਘ, ਭਾਨ ਸਿੰਘ, ਗੁਰਵਿੰਦਰ ਸਿੰਘ, ਸਾਕਸ਼ੇਤ ਕੁਮਾਰ ਯਾਦਵ ਆਦਿ ਸਮੇਤ ਸੈਂਕੜੇ ਕਰਮਚਾਰੀ ਸ਼ਾਮਲ ਹੋਏ।

# ਧਾਰਮਿਕ ਪ੍ਰੀਖਿਆ 'ਚ ਮੱਲਾਂ ਮਾਰਨ ਵਾਲੇ ਵਿਦਿਆਰਥੀ ਸਨਮਾਨਿਤ


**ਕਪੂਰਥਲਾ, ( ਕੌੜਾ )** - ਸਿੱਖ ਮਿਸ਼ਨਰੀ ਕਾਲਜ ਲੁਧਿਆਣਾ ਵੱਲੋਂ 2024-25 ਦੀ ਪ੍ਰੀਖਿਆ ਵਿੱਚ ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਰੇਲ ਕੋਚ ਫੈਕਟਰੀ ਦੇ ਵਿਦਿਆਰਥੀਆਂ ਸ਼ਾਨਦਾਰ ਪ੍ਰਦਰਸ਼ਨ ਕੀਤਾ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸਕੂਲ ਦੇ ਪ੍ਰਿੰਸੀਪਲ ਪ੍ਰਬਦੀਪ ਕੌਰ ਮੋਂਗਾ ਨੇ ਦੱਸਿਆ ਕਿ ਧਾਰਮਿਕ ਪ੍ਰੀਖਿਆ ਵਿਚ ਭਾਗ ਲੈਣ ਵਾਲੇ ਸਾਰੇ ਹੀ ਵਿਦਿਆਰਥੀਆਂ ਦਾ ਪ੍ਰਦਰਸ਼ਨ ਸ਼ਾਨਦਾਰ ਰਿਹਾ, ਜੋ ਅਦਾਰੇ ਅਤੇ ਇਲਾਕੇ ਲਈ ਮਾਣ ਵਾਲੀ ਗੱਲ ਹੈ । ਉਨ੍ਹਾਂ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਦੱਸਿਆ ਕਿ ਪਹਿਲੇ ਗਰੁੱਪ ਵਿੱਚੋਂ ਗੁਰਕੀਰਤ ਸਿੰਘ ਨੇ 75 ਫੀਸਦੀ ਅਤੇ ਅਰਮਾਨਦੀਪ ਸਿੰਘ ਨੇ 60 ਫੀਸਦੀ ਅੰਕ ਪ੍ਰਾਪਤ ਕੀਤੇ, ਦੂਜੇ ਗਰੁੱਪ ਵਿੱਚ ਜਸ਼ਨਪ੍ਰੀਤ ਕੌਰ ਨੇ 89 ਫੀਸਦੀ, ਸੁਭਮਨਪ੍ਰੀਤ ਕੌਰ ਨੇ 87 ਫੀਸਦੀ, ਜਸਪ੍ਰੀਤ ਕੌਰ ਨੇ



70 ਫੀਸਦੀ, ਗੁਰਲੀਨ ਕੌਰ ਨੇ 69 ਫੀਸਦੀ, ਗੁਰਸੀਰਤ ਕੌਰ ਨੇ 68 ਫੀਸਦੀ ਤਰਨਦੀਪ ਕੌਰ ਨੇ 65 ਫੀਸਦੀ, ਪੂਰਵੀ ਨੇ 62 ਫੀਸਦੀ, ਜਸਲੀਨ ਕੌਰ ਨੇ 61 ਫੀਸਦੀ, ਐਸ਼ਮੀਤ ਕੌਰ ਨੇ 60 ਫੀਸਦੀ ਅਤੇ ਗੁਰਦਿੱਤ ਸਿੰਘ ਨੇ 60 ਫੀਸਦੀ ਅੰਕ ਪ੍ਰਾਪਤ ਕੀਤੇ । ਧਾਰਮਿਕ ਪ੍ਰੀਖਿਆ ਵਿਚ ਮੱਲਾਂ ਮਾਰਨ ਵਾਲੇ ਵਿਦਿਆਰਥੀਆਂ ਨੂੰ ਸਨਮਾਨਤ ਕਰਨ ਲਈ ਸੰਖੇਪ ਸਮਾਗਮ ਦਾ ਆਯੋਜਨ ਕੀਤਾ ਗਿਆ । ਜਿਸ ਵਿਚ ਸਕੂਲ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬੀਬੀ ਗੁਰਪ੍ਰੀਤ ਕੌਰ ਮੈਂਬਰ ਸ਼੍ਰੋਮਣੀ ਕਮੇਟੀ ਵਿਸ਼ੇਸ਼ ਤੌਰ 'ਤੇ ਪਹੁੰਚੇ ਅਤੇ ਹੋਣਹਾਰ ਵਿਦਿਆਰਥੀਆਂ ਨੂੰ ਸਿੱਖ ਮਿਸ਼ਨਰੀ ਕਾਲਜ ਅਤੇ ਅਦਾਰੇ ਵੱਲੋਂ ਸਨਮਾਨਤ ਕੀਤਾ ਗਿਆ ।

# ਸਫਾਈ ਸੇਵਕ ਦੀ ਮੌਤ ਤੇ ਡੀ ਐਸ ਪੀ ਓਂਕਾਰ ਸਿੰਘ ਬਰਾੜ ਨੇ ਸਪਸ਼ਟੀਕਰਨ ਦਿੱਤਾ

**ਸ਼ਾਹਕੋਟ (ਹਰਜਿੰਦਰ ਸਿੰਘ ਚੰਦੀ)–** ਥਾਣਾ ਸ਼ਾਹਕੋਟ ਵਿਖੇ ਗੁਰਭੇਜ ਸਿੰਘ ਭੇਜਾ ਪੁੱਤਰ ਤਰਸੇਮ ਸਿੰਘ ਵਾਸੀ ਪਿੰਡ ਬਾਜਵਾ ਕਲਾਂ ਥਾਣਾ ਸ਼ਾਹਕੋਟ ਦੀ ਥਾਣੇ ਵਿਚ ਹੋਈ ਮੌਤ ਸਬੰਧੀ ਸਪਸ਼ਟੀਕਰਨ ਦਿੰਦਿਆਂ ਡੀ ਐਸ ਪੀ ਓਂਕਾਰ ਸਿੰਘ ਬਰਾੜ ਨੇ ਦੱਸਿਆ ਕਿ ਗੁਰਭੇਜ ਸਿੰਘ ਥਾਣੇ ਵਿੱਚ ਬਤੌਰ ਪ੍ਰਾਈਵੇਟ ਸਫਾਈ ਸੇਵਕ /ਪਾਣੀ ਪਿਲਾਉਣ ਦਾ ਕੰਮ ਕਰੀਬ ਪਿਛਲੇ ਤਿੰਨ ਮਹੀਨਿਆਂ ਤੋਂ ਕਰਦਾ ਸੀ। ਜਿਸ ਨੇ 4 ਜੁਲਾਈ ਨੂੰ ਸਟਾਫ ਨੂੰ ਦੱਸਿਆ ਕਿ ਉਹ ਪਿੰਡ ਦਾਨੇਵਾਲ ਵਿਖੇ ਮੇਲਾ ਦੇਖਣ ਲਈ ਜਾ ਰਿਹਾ ਹੈ। ਇਸ ਉਪਰੰਤ 6 ਜੁਲਾਈ ਨੂੰ ਬਾਰਿਸ਼ ਤੋਂ ਬਾਅਦ ਗਰਮੀ ਸਮੇਂ ਪਤਾ ਲੱਗਿਆ ਥਾਣੇ ਦੇ ਪਿਛਲੇ ਪਾਸੇ ਕੋਈ



ਸਮੈਲ ਆ ਰਹੀ ਸੀ ਚੈੱਕ ਕੀਤਾ ਤੇ ਥਾਣੇ ਦੇ ਉੱਪਰ ਬਣੀਆਂ ਪੌੜੀਆਂ ਜਿਸ ਦਾ ਦਰਵਾਜ਼ਾ ਖੁੱਲਾ ਸੀ ਨੇੜੇ ਪਏ ਕੈਨੀਆ ਤੇ ਬੋਰੀਆਂ ਉੱਪਰ ਗੁਰਭੇਜ ਸਿੰਘ ਪਿਆ ਸੀ। ਡੀ ਐਸ ਪੀ ਮੁਤਾਬਕ ਮੁਢਲੇ ਹਾਲਾਤਾਂ ਤੋਂ ਕੋਈ ਜਹਿਰੀਲੀ ਚੀਜ਼ ਕੱਟਣ ਜਾਂ ਹਾਰਟ ਅਟੈਕ ਨਾਲ ਮੋਤ ਹੋਈ ਜਪਦੀ ਸੀ । ਪੁਲਿਸ ਵੱਲੋਂ ਵਾਰਸਾਂ ਨਾਲ ਰਾਬਤਾ ਕਾਇਮ ਕੀਤਾ ਤੇ ਵਾਰਸ ਥਾਣਾ ਆਏ ਤੇ ਮਿਰਤ ਦੇਹ ਨੂੰ ਚੈੱਕ ਕਰਾਉਣ ਤੋਂ ਬਾਅਦ ਸਿਵਲ ਹਸਪਤਾਲ ਨਕੋਦਰ ਤੋਂ ਪੋਸਟਮਾਰਟਮ ਕਰਵਾ ਕੇ 7 ਜੁਲਾਈ ਨੂੰ ਦੀ ਸ਼ਾਮ ਨੂੰ ਰੀਤੀ ਰਿਵਾਜਾਂ ਮੁਤਾਬਿਕ ਮਿਰਤਕ ਦੇਹ ਦਾ ਪਿੰਡ ਸੰਸਕਾਰ ਕੀਤਾ ਗਿਆ। ਓਂਕਾਰ ਸਿੰਘ ਬਰਾੜ ਨੇ ਸਪਸ਼ਟੀਕਰਨ ਦਿੰਦਿਆਂ ਦੱਸਿਆ ਕਿ ਗੁਰਭੇਜ ਸਿੰਘ ਦੀ ਮੌਤ ਮੁਢਲੇ ਤੌਰ ਤੋਂ ਸਪਸ਼ਟ ਹੁੰਦੀ ਹੈ ਕਿ ਕਿਸੇ ਜਰੀਲੇ ਜੀਵ ਵਗੈਰਾ ਕੱਟਣ ਜਾਂ ਹਟੈਕ ਹੋਣ ਨਾਲ ਕੋਈ ਜਪਦੀ ਹੈ । ਇਹ ਸਰੀਰਕ ਤੌਰ ਤੇ ਤੰਦਰੁਸਤ ਸੀ ਤੇ ਸ਼ਾਹਕੋਟ ਵਿਖੇ ਰੋਜ਼ਾਨਾ ਕਸਰਤ ਕਰਨ ਲਈ ਵੀ ਥਾਣੇ ਦੇ ਕੰਮ ਕਾਰ ਤੋਂ ਸਮਾਂ ਕੱਢ ਕੇ ਜਾਂਦਾ ਸੀ।

The Samaj Weekly and people associated with it are not responsible for any claims made by the advisers and don't endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# ਤਰਕਸ਼ੀਲ ਸੁਸਾਇਟੀ ਪੰਜਾਬ ਦੀ ਸੂਬਾ ਕਮੇਟੀ ਦੀ ਮੀਟਿੰਗ ਹੋਈ

## ਅੰਧ ਵਿਸ਼ਵਾਸ਼ ਰੋਕੂ ਕਾਨੂੰਨ ਪਾਸ ਕਰਵਾਉਣ ਲਈ ਸੰਘਰਸ਼ ਤੇਜ਼ ਕਰਨ ਦਾ ਫੈਸਲਾ

**ਬਰਨਾਲਾ** । ਤਰਕਸ਼ੀਲ ਸੁਸਾਇਟੀ ਪੰਜਾਬ ਦੀ ਸੂਬਾ ਵਰਕਿੰਗ ਕਮੇਟੀ ਦੀ ਮੀਟਿੰਗ ਸੁਸਾਇਟੀ ਦੇ ਮੁੱਖ ਦਫਤਰ ਤਰਕਸ਼ੀਲ ਭਵਨ ਵਿਖੇ ਸੂਬਾਈ ਜੱਥੇਬੰਦਕ ਮੁਖੀ ਮਾਸਟਰ ਰਾਜਿੰਦਰ ਭਦੌੜ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿੱਚ ਗ਼ਦਰ ਲਹਿਰ ਦੀ ਨਾਇਕਾ ਬੀਬੀ ਗੁਲਾਬ ਕੌਰ ਨੂੰ ਸਮਰਪਿਤ ਸੱਤਵੀਂ ਵਿਦਿਆਰਥੀ ਚੇਤਨਾ ਪਰਖ ਪ੍ਰੀਖਿਆ ਕਰਵਾਉਣ ਅਤੇ ਜੱਥੇਬੰਦਕ ਵਿਚਾਰਧਾਰਕ ਪਰਪੱਕਤਾ ਦੀਆਂ ਸਿਖਲਾਈ ਵਰਕਸ਼ਾਪਾਂ ਲਗਾਉਣ ਦੇ ਇਲਾਵਾ ਪੰਜਾਬ ਵਿੱਚ ਅੰਧ ਵਿਸ਼ਵਾਸ਼ ਰੋਕੂ ਕਾਨੂੰਨ ਪਾਸ ਕਰਵਾਉਣ ਲਈ ਸੰਘਰਸ਼ ਨੂੰ ਹੋਰ ਤੇਜ਼ ਕਰਨ ਸਬੰਧੀ ਗੰਭੀਰ ਵਿਚਾਰ ਵਟਾਂਦਰਾ ਕੀਤਾ ਗਿਆ। ਮੀਟਿੰਗ ਦੀ ਕਾਰਵਾਈ ਪ੍ਰੈਸ ਨੂੰ ਜਾਰੀ ਕਰਦਿਆਂ ਸੂਬਾ ਕਮੇਟੀ ਆਗੂਆਂ ਮਾਸਟਰ ਰਾਜਿੰਦਰ ਭਦੌੜ,ਹੇਮ ਰਾਜ ਸਟੈਨੋਂ, ਰਾਜੇਸ਼ ਅਕਲੀਆ,ਰਾਜਪਾਲ ਬਠਿੰਡਾ, ਗੁਰਪ੍ਰੀਤ ਸ਼ਹਿਣਾ ਅਤੇ ਸੁਮੀਤ ਅੰਮ੍ਰਿਤਸਰ ਨੇ ਦੱਸਿਆ ਕਿ 29 ਅਤੇ 31 ਅਗਸਤ ਨੂੰ ਪੰਜਾਬ ਪੱਧਰ ਤੇ ਹੋਣ ਵਾਲੀ ਸੱਤਵੀਂ ਵਿਦਿਆਰਥੀ ਚੇਤਨਾ ਪਰਖ ਪ੍ਰੀਖਿਆ ਲਈ ਪੰਜਾਬ ਦੀਆਂ ਸਮੂਹ ਤਰਕਸ਼ੀਲ ਇਕਾਈਆਂ ਵੱਲੋਂ ਸਕੂਲਾਂ ਵਿੱਚ ਮਿਡਲ ਅਤੇ ਸੈਕੰਡਰੀ ਗਰੁੱਪਾਂ ਦੇ ਵਿਦਿਆਰਥੀਆਂ ਨੂੰ ਸਿਲੇਬਸ ਦੀਆਂ ਕਿਤਾਬਾਂ ਪਹੁੰਚਾਈਆਂ ਜਾ ਰਹੀਆਂ ਹਨ ਅਤੇ ਵਿਦਿਆਰਥੀਆਂ ਦੀ ਰਜਿਸਟ੍ਰੇਸ਼ਨ ਦਾ ਕੰਮ 31 ਜੁਲਾਈ ਤੱਕ ਮੁਕੰਮਲ



ਕਰ ਲਿਆ ਜਾਵੇਗਾ।

ਇਸ ਮੌਕੇ ਸੂਬਾ ਕਮੇਟੀ ਆਗੂਆਂ ਰਾਮ ਸਵਰਨ ਲੱਖੇਵਾਲੀ, ਸੁਖਵਿੰਦਰ ਬਾਗਪੁਰ,ਜਸਵਿੰਦਰ ਫਗਵਾੜਾ, ਜਸਵੰਤ ਮੁਹਾਲੀ,ਸੁਰਜੀਤ ਟਿੱਬਾ, ਜੁਝਾਰ ਲੌਂਗੋਵਾਲ,ਮੋਹਨ ਬਡਲਾ ਅਤੇ ਕੁਲਜੀਤ ਡੰਗਰਖੇੜਾ ਨੇ ਦੱਸਿਆ ਕਿ ਮੀਟਿੰਗ ਵਿੱਚ ਜੋਨ ਪੱਧਰ ਤੇ ਵਿਚਾਰਧਾਰਕ ਪਰਪੱਕਤਾ ਦੀਆਂ ਸਿਖਲਾਈ ਵਰਕਸ਼ਾਪਾਂ ਲਗਾਉਣ ਅਤੇ ਪੰਜਾਬ ਵਿੱਚ ਅੰਧ ਵਿਸ਼ਵਾਸ਼ ਰੋਕੂ ਕਾਨੂੰਨ ਬਣਾਉਣ ਲਈ ਜਨਤਕ ਲਾਮਬੰਦੀ ਕਰਕੇ ਜੱਥੇਬੰਦਕ ਸੰਘਰਸ਼ ਨੂੰ ਹੋਰ ਤੇਜ਼ ਕਰਨ ਦਾ ਫੈਸਲਾ ਕੀਤਾ ਗਿਆ ਜਿਸ ਦੌਰਾਨ ਪੰਜਾਬ ਦੇ ਕੈਬਨਿਟ ਮੰਤਰੀ ਸੰਜੀਵ ਅਰੋੜਾ ਨੂੰ ਅੰਧ ਵਿਸ਼ਵਾਸ਼ ਰੋਕੂ ਕਾਨੂੰਨ ਦਾ ਖਰੜਾ ਅਤੇ ਮੰਗ ਪੱਤਰ ਦਿੱਤਾ ਜਾਵੇਗਾ।

ਇਸ ਮੌਕੇ ਜੋਨ ਆਗੂਆਂ ਸੰਦੀਪ ਧਾਰੀਵਾਲ ਭੋਜਾਂ ਅੰਮ੍ਰਿਤਸਰ,ਮਾਸਟਰ ਜਗਦੀਸ਼ ਰਾਏਪੁਰ ਡਿੱਬਾ ਨਵਾਂ ਸ਼ਹਿਰ , ਸੁਖਦੇਵ ਫਗਵਾੜਾ ਜਲੰਧਰ, ਅਜੀਤ ਪ੍ਰਦੇਸੀ ਚੰਡੀਗੜ੍ਹ , ਪ੍ਰਵੀਨ ਜੰਡਵਾਲਾ ਫਾਜ਼ਿਲਕਾ, ਅੰਮ੍ਰਿਤ ਰਿਸ਼ੀ ਮਾਨਸਾ, ਰਾਮ ਕੁਮਾਰ ਪਟਿਆਲਾ,ਮੈਡਮ ਕੁਲਵੰਤ ਕੌਰ ਪਟਿਆਲਾ ਵੱਲੋਂ ਸਮਾਜ ਵਿੱਚ ਵਿਗਿਆਨਕ ਚੇਤਨਾ ਦੀ ਲਹਿਰ ਨੂੰ ਹੋਰ ਵਿਆਪਕ ਬਣਾਉਣ ਲਈ ਤਰਕਸ਼ੀਲ ਮੈਗਜ਼ੀਨ ਦੇ ਪਾਠਕਾਂ ਦੀ ਗਿਣਤੀ ਵਧਾਉਣ ਅਤੇ ਤਰਕਸ਼ੀ.ਲ ਸਾਹਿਤ ਵੈਨ ਨੂੰ ਪੰਜਾਬ ਦੇ ਸਾਰੇ ਵਿਦਿਅਕ ਅਦਾਰਿਆਂ,ਪਿੰਡਾਂ, ਕਸਬਿਆਂ ਅਤੇ ਸ਼ਹਿਰਾਂ ਵਿਚ ਨਿਰਧਾਰਤ ਰੂਟ ਅਨੁਸਾਰ ਪ੍ਰਦਰਸ਼ਿਤ ਕਰਨ ਦਾ ਪ੍ਰੋਗਰਾਮ ਵੀ ਉਲੀਕਿਆ ਗਿਆ। ਮੀਟਿੰਗ ਵਿੱਚ ਭਾਜਪਾ- ਸੰਘ ਵੱਲੋਂ ਸੰਵਿਧਾਨ 'ਚੋਂ ਧਰਮ ਨਿਰਪੱਖਤਾ ਅਤੇ ਸਮਾਜਵਾਦ ਸ਼ਬਦ ਕੱਢਣ ਦੀ ਫਿਰਕੂ ਮੰਗ ਦਾ ਡਟਵਾਂ ਵਿਰੋਧ ਕੀਤਾ ਗਿਆ ਅਤੇ ਕੇਂਦਰ ਅਤੇ ਪੰਜਾਬ ਸਰਕਾਰ ਵੱਲੋਂ ਭਾਰਤ ਮਾਲਾ ਪ੍ਰੋਜੈਕਟ ਅਤੇ ਲੈਂਡ ਪੂਲਿੰਗ ਸਕੀਮ ਹੇਠ ਕਿਸਾਨਾਂ ਦੀਆਂ ਜ਼ਮੀਨਾਂ ਜਬਰੀ ਖੋਹਣ ਅਤੇ ਵਿਰੋਧ ਕਰਨ ਵਾਲੇ ਕਿਸਾਨਾਂ ਉਤੇ ਪੁਲਿਸ ਜਬਰ ਕਰਨ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਵੀ ਕੀਤੀ ਗਈ। ਇਸਦੇ ਇਲਾਵਾ ਟ੍ਰੇਡ ਯੂਨੀਅਨਾਂ ਵੱਲੋਂ 9 ਜੁਲਾਈ ਨੂੰ ਕੀਤੀ ਜਾ ਰਹੀ ਦੇਸ਼ ਵਿਆਪੀ ਹੜਤਾਲ ਦੀ ਹਮਾਇਤ ਕਰਨ ਦਾ ਫੈਸਲਾ ਵੀ ਕੀਤਾ ਗਿਆ।

**ਸੁਮੀਤ ਅੰਮ੍ਰਿਤਸਰ**
**(ਸੂਬਾਈ ਮੀਡੀਆ ਮੁਖੀ)**
**ਤਰਕਸ਼ੀਲ ਸੁਸਾਇਟੀ ਪੰਜਾਬ**
**7696030173**

# ਸਕਰੈਪ ਕਾਰੋਬਾਰੀਆਂ ਨੇ ਜਤਾਈ ਚਿੰਤਾ, ਸੰਬੰਧਿਤ ਵਿਭਾਗ ਸਹਿਯੋਗੀ ਬਨਣ : ਖੁਰਾਣਾ

**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਲੁਧਿਆਣਾ ਸਕਰੈਪ ਟਰੇਡਰਜ਼ ਐਸੋਸੀਏਸ਼ਨ ਦੀ ਇੱਕ ਅਹਿਮ ਮੀਟਿੰਗ ਐਸੋਸੀਏਸ਼ਨ ਦੇ ਪ੍ਰਧਾਨ ਜਤਿੰਦਰਪਾਲ ਸਿੰਘ ਖੁਰਾਣਾ ਦੀ ਅਗਵਾਈ ਵਿੱਚ ਆਯੋਜਿਤ ਕੀਤੀ ਗਈ। ਮੀਟਿੰਗ ਦੌਰਾਨ ਸਕਰੈਪ ਦਾ ਕਾਰੋਬਾਰ ਕਰਨ ਵਾਲਿਆਂ ਨੂੰ ਆ ਰਹੀਆਂ ਵੱਖ-ਵੱਖ ਸਮੱਸਿਆਵਾਂ 'ਤੇ ਗੰਭੀਰ ਚਰਚਾ ਹੋਈ। ਐਸੋਸੀਏਸ਼ਨ ਦੇ ਮੈਂਬਰਾਂ ਨੇ ਦੱਸਿਆ ਕਿ ਲੋਹੇ ਦੇ ਭਾਅ 'ਚ ਆਏ ਦਿਨ ਹੋ ਰਹੇ ਉਤਾਰ-ਚੜਾਅ ਕਾਰਨ ਕਾਰੋਬਾਰ ਉੱਤੇ ਮਾੜਾ ਅਸਰ ਪੈ ਰਿਹਾ ਹੈ। ਜਿਸ ਕਾਰਨ ਨਫ਼ੇ ਨੁਕਸਾਨ ਦੀ ਗਿਣਤੀ ਕਰਨੀ ਔਖੀ ਹੋ ਜਾਂਦੀ ਹੈ ਤੇ ਕਾਰੋਬਾਰ ਦੇ ਭਵਿੱਖ ਨੂੰ ਲੈ ਕੇ ਚਿੰਤਾਵਾਂ ਵੱਧ ਹਨ। ਪ੍ਰਧਾਨ ਖੁਰਾਣਾ ਨੇ ਗੱਲਬਾਤ ਦੌਰਾਨ ਦੱਸਿਆ ਕਿ ਸਕਰੈਪ ਕਾਰੋਬਾਰੀਆਂ ਨੂੰ ਟ੍ਰੈਫਿਕ ਪੁਲਿਸ ਦੇ ਨਾਲ-ਨਾਲ ਕਈ ਵਾਰ ਜੀਐਸਟੀ ਵਿਭਾਗ ਦੇ ਅਧਿਕਾਰੀ ਵੀ ਬਿਨਾਂ ਵਾਜਬ ਕਾਰਨ ਉਨ੍ਹਾਂ ਨੂੰ ਤੰਗ ਕਰਦੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਪਹਿਲਾਂ ਹੀ ਵਪਾਰੀ ਵਰਗ ਕਾਰੋਬਾਰ ਮੁਤਾ- ਬਕ ਹਾਲਾਤ ਨਾ ਹੋਣ ਕਰਕੇ



ਮੀਟਿੰਗ ਵੇਲੇ ਜਤਿੰਦਰਪਾਲ ਸਿੰਘ ਖੁਰਾਣਾ, ਜਰਨੈਲ ਸਿੰਘ ਖੇੜਾ, ਦਲਜੀਤ ਸਿੰਘ ਖੁਰਾਣਾ, ਜਤਿੰਦਰ ਸਿੰਘ ਬੌਬੀ ਤੇ ਹੋਰ।

ਪ੍ਰਭਾਵਿਤ ਹੋ ਰਿਹਾ ਹੈ। ਖੁਰਾਣਾ ਨੇ ਮੰਗ ਕੀਤੀ ਕਿ ਸਰਕਾਰ ਅਤੇ ਸੰਬੰਧਿਤ ਵਿਭਾਗ ਕਾਰੋਬਾਰੀਆਂ ਦੇ ਸਹਿਯੋਗੀ ਬਨਣ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਦਾ ਹੱਲ ਲੱਭਣ ਵਾਸਤੇ ਕਦਮ ਚੁੱਕਣ। ਮੀਟਿੰਗ ਵਿੱਚ ਐਸੋਸੀਏਸ਼ਨ ਦੇ ਕਈ ਮੈਂਬਰਾਂ ਨੇ ਕਾਰੋਬਾਰੀ ਹਿੱਤਾਂ ਦੀ ਰੱਖਿਆ ਲਈ ਇਕਜੁੱਟ ਹੋਣ ਦੀ ਲੋੜ ਉੱਤੇ ਜ਼ੋਰ ਦਿੱਤਾ। ਇਸ ਮੌਕੇ ਸਰਪ੍ਰਸਤ ਦਲੀਪ ਸਿੰਘ ਖੁਰਾਣਾ, ਚੇਅਰਮੈਨ ਜਰਨੈਲ ਸਿੰਘ ਖੇੜਾ, ਪ੍ਰਿਤਪਾਲ ਸਿੰਘ, ਪਰਮਜੀਤ ਸਿੰਘ ਖੁਰਾਣਾ, ਜਤਿੰਦਰ ਸਿੰਘ ਬੌਬੀ, ਪ੍ਰਭਜੋਤ ਸਿੰਘ ਕਾਲੜਾ, ਕੰਵਲਜੀਤ ਸਿੰਘ ਚੁੱਘ, ਮੁਕੇਸ਼ ਮਿਸ਼ਰਾ, ਗਗਨਦੀਪ ਸਿੰਘ ਅਰੋੜਾ, ਗੁਰਮੀਤ ਸਿੰਘ, ਅਰਵਿੰਦਰ ਸਿੰਘ ਪਾਹਵਾ, ਰਾਜ ਕੁਮਾਰ, ਤਰਨਜੀਤ ਸਿੰਘ, ਹਰਜੀਤ ਸਿੰਘ, ਮਨਿੰਦਰ ਸਿੰਘ ਚਾਵਲਾ, ਮਨੋਜ ਕੁਮਾਰ ਅਰੋੜਾ, ਰਕੇਸ਼ ਕੁਮਾਰ, ਪਵਨ ਕੁਮਾਰ, ਜਸਵਿੰਦਰ ਸਿੰਘ, ਰਾਜਬੀਰ ਸਿੰਘ ਵੀ ਹਾਜ਼ਰ ਸਨ।

# ਗਾਇਕ ਰਮਨ ਪੰਨੂ ਦਾ ਨਵਾਂ ਗੀਤ "ਪੰਜਾਬ ਟੂ ਲੰਡਨ" ਜਲਦੀ ਹੋ ਰਿਹਾ ਰਿਲੀਜ਼

**ਲੰਡਨ, ( ਰਾਜਵੀਰ ਸਮਰਾ)-** ਲੰਡਨ ਤੋਂ ਪੰਜਾਬ ਤੱਕ ਆਪਣੀ ਅਵਾਜ਼ ਦੇ ਜਾਦੂ ਨਾਲ ਲੋਕਾਂ ਦੇ ਦਿਲ ਜਿੱਤਣ ਆ ਰਹੇ ਹਨ ਗਾਇਕ ਰਮਨ ਪੰਨੂ, ਜੋ ਆਪਣੇ ਨਵੇਂ ਗੀਤ "ਪੰਜਾਬ ਟੂ ਲੰਡਨ" ਨਾਲ ਸ਼ੋਤਿਆਂ ਨੂੰ ਇੱਕ ਨਵਾਂ ਅਨੁਭਵ ਦੇਣ ਲਈ ਤਿਆਰ ਹਨ। ਇਹ ਗੀਤ ਗੋਲਡਨ ਵਿਰਸਾ ਯੂ ਕੇ ਕੇ ਵੱਲੋਂ ਪੇਸ਼ ਕੀਤਾ ਜਾ ਰਿਹਾ ਹੈ। ਗੀਤ ਦੇ ਬੋਲ ਲਿਖੇ ਹਨ ਰਾਜਵੀਰ ਸਮਰਾ ਨੇ, ਜਿਨ੍ਹਾਂ ਦੀ ਲਿਖਤ ਹਮੇਸ਼ਾ ਹੀ ਦਿਲ ਨੂੰ ਛੂਹਣ ਵਾਲੀ ਰਹੀ ਹੈ। ਮਿਊਜ਼ਿਕ ਮਿਊਜਿਕ ਇੰਜੀਨੀਅਰ ਵੱਲੋਂ ਤਿਆਰ ਕੀਤਾ ਗਿਆ ਹੈ ਜੋ ਗੀਤ ਨੂੰ ਹੋਰ ਵੀ ਖੂਬਸੂਰਤ ਬਣਾਉਂਦਾ ਹੈ। ਵੀਡੀਓ ਦੀ ਦਿਸ਼ਾ ਹਨੀ ਹਰਦੀਪ ਨੇ ਸੰਭਾਲੀ ਹੈ, ਜਦਕਿ ਪ੍ਰੋਡਕਸ਼ਨ ਦੀ ਜ਼ਿੰਮੇਵਾਰੀ ਰਾਜਨਦੀਪ ਕੌਰ ਸਮਰਾ ਅਤੇ ਸੱਜਣ ਸ਼ਰਮਾ ਨੇ ਨਿਭਾਈ ਹੈ। ਇਸ ਗੀਤ ਲਈ ਵਿਸ਼ੇਸ਼ ਧੰਨਵਾਦ ਬਿੱਟੂ ਢੇਸੀ ਨੂੰ ਦਿੱਤਾ ਗਿਆ ਹੈ। ਪੋਸਟਰ ਵਿਚ ਰਮਨ ਪੰਨੂ ਦੀ ਦਿਲਕਸ਼ ਅੰਦਾਜ਼ ਅਤੇ ਬੈਕਗ੍ਰਾਊਂਡ ਵਿਚ ਪੰਜਾਬ ਦੀ ਧਰਤੀ ਅਤੇ ਲੰਡਨ ਦਾ ਫੇਮਸ ਟਾਵਰ ਬਰਿਜ਼ ਗੀਤ ਦੇ ਨਾਂ ਅਨੁਸਾਰ ਦੁਨੀਆਂ ਦੇ ਦੋ ਕੌਣਿਆਂ ਨੂੰ ਜੋੜਦੇ ਹਨ। ਇਸ ਗੀਤ ਦੀ ਵੀਡੀਓ ਇੰਗਲੈਂਡ ਦੇ ਵੱਖ ਵੱਖ ਲੋਕੇਸਨਾ ਤੇ ਕੀਤੀ ਗਈ ਹੈ ਸ਼ਰੋਤਿਆਂ ਨੂੰ ਇਹ ਗੀਤ ਜਲਦੀ ਹੀ ਮਿਊਜ਼ਿਕ ਪਲੇਟਫਾਰਮਾਂ 'ਤੇ ਸੁਣਨ ਨੂੰ ਮਿਲੇਗਾ।




## ਧੰਨ ਧੰਨ ਬਾਬਾ ਇੱਛਾਧਾਰੀ ਸ਼ਿਵ ਮੰਦਿਰ ਅਠੌਲਾ

**ਨਕੋਦਰ ਮਹਿਤਪੁਰ (ਹਰਜਿੰਦਰ ਪਾਲ ਛਾਬੜਾ)** ਲਵ ਸਹੋਤਾ ਅਠੌਲਾ ਨੇ ਦਸਿਆ ਕਿ ਹਰ ਸਾਲ ਦੀ ਤਰ੍ਹਾ ਇਸ ਸਾਲ ਵੀ ਦਰਬਾਰ ਬਾਬਾ ਧੰਨ ਧੰਨ ਇੱਛਾਧਾਰੀ ਸ਼ਿਵ ਮੰਦਿਰ ਪਿੰਡ ਅਠੌਲਾ ਵਿਖੇ ਬਹੁਤ ਹੀ ਖੂਬਸੂਰਤ ਤਰੀਕੇ ਨਾਲ ਮੇਲਾ ਕਰਵਾਇਆ ਜਾਵੇਗਾ ਤੇ ਮਿਤੀ ਨਿਸ਼ਚਿਤ ਕੀਤੀ ਗਈ। 29 ਅਗਸਤ 2025 ਦਿਨ ਨੂੰ ਨਿਸ਼ਾਨ ਸਾਹਿਬ ਤੇ 30 ਅਗਸਤ 2025 ਮਹਿੰਦੀ ਦੀ ਰਸਮ ਤੇ ਰਾਤ ਨੂੰ ਗੁੱਗਾ ਜ਼ਾਹਰ ਪੀਰ ਜੀ ਦੇ ਸੋਹਲੇ ਪੜ੍ਹੇ ਜਾਣਗੇ। 31 ਅਗਸਤ 2025 ਪੰਜਾਬ ਦੇ ਬਹੁਤ ਹੀ ਮਸ਼ਹੂਰ ਕਲਾਕਾਰ ਆਪਣਾ ਧਾਰਮਿਕ



ਗੀਤਾਂ ਨਾਲ ਪ੍ਰੋਗਰਾਮ ਪੇਸ਼ ਕਰਨਗੇ । ਮੇਲੇ ਦੀ ਮੀਟਿੰਗ ਸਮੇਂ ਦਰਬਾਰ ਦੇ ਮੁੱਖ ਸੇਵਾਦਾਰ ਗੱਦੀ ਨਸ਼ੀਨ ਬਾਬਾ ਜਸਪਾਲ ਕੌਰ ਜੀ ਖੁਦ ਹਾਜ਼ਰ ਸੀ ਨਾਲ ਹੀ ਦਰਬਾਰ ਦੀ ਸਾਧ ਸੰਗਤ ਤੇ ਧੰਨ ਧੰਨ ਬਾਬਾ ਇੱਛਾਧਾਰੀ ਸ਼ਿਵ ਮੰਦਿਰ ਰਜਿ. ਦੀ ਪ੍ਰਬੰਧਕ ਕਮੇਟੀ ਵੀ ਹਾਜ਼ਰ ਰਹੀ। ਸਭ ਸੰਗਤ ਨੂੰ ਬੇਨਤੀ ਕੀਤੀ ਗਈ ਕਿ ਸਾਰਿਆ ਨੇ ਮੇਲੇ ਤੇ ਜਰੂਰ ਪਹੁੰਚਣਾ ਤੇ ਬਾਬਾ ਜੀ ਦਾ ਅਸ਼ੀਰਵਾਦ ਲੈਣਾ ।

# ਨੈਸ਼ਨਲ ਆਰਮ ਰੈਸਲਿੰਗ ਚੈਂਪੀਅਨਸ਼ਿਪ 2025 ਵਿੱਚ ਸੀ.ਟੀ. ਯੂਨੀਵਰਸਿਟੀ ਦੇ ਹਰਕੋਮਲ ਸਿੰਘ ਗਿੱਲ ਨੇ ਰਚਿਆ ਇਤਿਹਾਸ

## ਸੀ ਟੀ ਯੂਨੀਵਰਸਿਟੀ ਵੱਲੋਂ 4 ਸੋਨੇ ਦੇ ਤਮਗੇ ਅਤੇ "ਚੈਂਪੀਅਨ ਆਫ ਚੈਂਪੀਅਨਜ਼" ਟ੍ਰਾਫੀ ਜੇਤੂ

**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਸੀ.ਟੀ. ਯੂਨੀਵਰਸਿਟੀ ਨੇ ਇੱਕ ਵਾਰ ਫਿਰ ਰਾਸ਼ਟਰੀ ਖੇਡ ਮੰਚ 'ਤੇ ਆਪਣੀ ਮਜ਼ਬੂਤ ਮੌਜੂਦਗੀ ਦਰਜ ਕਰਵਾਈ ਹੈ। ਵਿਦਿਆਰਥੀ ਹਰਕੋਮਲ ਸਿੰਘ ਗਿੱਲ ਨੇ ਕੇਰਲਾ ਵਿੱਚ ਆਯੋਜਿਤ ਨੈਸ਼ਨਲ ਆਰਮ ਰੈਸਲਿੰਗ ਚੈਂਪੀਅਨਸ਼ਿਪ 2025 ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਇਤਿਹਾਸ ਬਣਾਇਆ। 80 ਕਿਲੋਗ੍ਰਾਮ ਭਾਰ ਵਰਗ ਵਿੱਚ ਸੀ.ਟੀ. ਯੂਨੀਵਰਸਿਟੀ ਦੀ ਨੁਮਾਇੰਦਗੀ ਕਰਦਿਆਂ, ਹਰਕੋਮਲ ਨੇ ਜੂਨੀਅਰ/ਯੂਥ ਅਤੇ ਸੀਨੀਅਰ ਦੋਹਾਂ ਸ਼੍ਰੇਣੀਆਂ ਵਿੱਚ ਬੇਮਿਸਾਲ ਤਾਕਤ, ਅਡੋਲ ਹੌਸਲੇ ਅਤੇ ਉੱਤਮ ਤਕਨੀਕ ਨਾਲ ਸਭ ਦਾ ਮਨ ਮੋਹ ਲਿਆ। ਉਸਨੇ ਆਪਣੇ ਸ਼ਾਨਦਾਰ ਪ੍ਰਦਰਸ਼ਨ ਨਾਲ ਕੁੱਲ 4 ਸੋਨੇ ਦੇ ਤਮਗੇ ਜਿੱਤੇ:।

ਜੂਨੀਅਰ/ਯੂਥ ਕੈਟੇਗਰੀ ਵਿੱਚ ਲੈਫਟ ਆਰਮ ਅਤੇ ਰਾਈਟ ਆਰਮ ਦੋਹਾਂ ਵਿੱਚ ਸੋਨੇ ਦੇ ਤਮਗੇ ਹਾਸਿਲ ਕੀਤੇ। ਸੀਨੀਅਰ ਕੈਟੇਗਰੀ ਵਿੱਚ ਵੀ, ਉਸ ਨੇ ਲੈਫਟ ਤੇ ਰਾਈਟ ਆਰਮ ਦੋਹਾਂ ਵਿੱਚ ਕਾਬੂ ਪਾ ਕੇ ਹੋਰ ਦੋ ਸੋਨੇ ਦੇ ਤਮਗੇ ਆਪਣੇ ਨਾਮ ਕੀਤੇ।ਉਸਦੇ ਇਸ ਅਦ੍ਭੁਤ ਪ੍ਰਦਰਸ਼ਨ ਦੀ ਸਾਰਥਕਤਾ "ਚੈਂਪੀਅਨ ਆਫ ਚੈਂਪੀਅਨਜ਼" ਟ੍ਰਾਫੀ ਰਾਹੀਂ ਹੋਈ — ਜੋ ਕਿ ਪੂਰੇ ਟੂਰਨਾਮੈਂਟ ਦੇ ਸਭ ਤੋਂ ਸ਼੍ਰੇਸ਼ਠ ਖਿਡਾਰੀ ਨੂੰ ਦਿੱਤੀ ਜਾਂਦੀ ਹੈ। ਇਹ ਇਤਿਹਾਸਕ




ਉਪਲਬਧੀ ਨਾ ਸਿਰਫ ਸੀ.ਟੀ. ਯੂਨੀਵਰਸਿਟੀ ਦੇ ਖੇਡ ਵਿਭਾਗ ਲਈ ਸਨਮਾਨ ਦੀ ਗੱਲ ਹੈ, ਸਗੋਂ ਪੂਰੇ ਸੀ.ਟੀ. ਯੂਨੀਵਰਸਿਟੀ ਪਰਿਵਾਰ ਲਈ ਵੀ ਮਾਣ ਅਤੇ ਪ੍ਰੇਰਣਾ ਦਾ ਸਰੋਤ ਹੈ। ਇਹ ਕਾਮਯਾਬੀ ਯੂਨੀਵਰਸਿਟੀ ਵਿੱਚ ਪਾਲੀ ਜਾਂਦੀ ਨਿਯਮਤਤਾ, ਸਮਰਪਣ ਅਤੇ ਜੋਸ਼ ਦਾ ਪਰਿਣਾਮ ਹੈ। ਇਸ ਕਾਮਯਾਬੀ ਵਿੱਚ ਇੰਜੀ. ਦਵਿੰਦਰ ਸਿੰਘ, ਡਾਇਰੈਕਟਰ, ਵਿਦਿਆਰਥੀ ਭਲਾਈ ਵਿਭਾਗ ਅਤੇ ਗੁਰਦੀਪ ਸਿੰਘ, ਮੁਖੀ, ਖੇਡ ਵਿਭਾਗ ਦੇ ਨਿਰੰਤਰ ਮਾਰਗਦਰਸ਼ਨ ਅਤੇ ਸਹਿਯੋਗ ਦੀ ਮਹੱਤਵਪੂਰਨ ਭੂਮਿਕਾ ਰਹੀ ਹੈ। ਡਾ: ਮਨਬੀਰ ਸਿੰਘ, ਪ੍ਰੋ-ਚਾਂਸਲਰ, ਸੀ.ਟੀ. ਯੂਨੀਵਰਸਿਟੀ ਨੇ ਆਪਣੀਆਂ ਵਧਾਈਆਂ ਦਿੰਦਿਆਂ ਕਿਹਾ:



"ਹਰਕੋਮਲ ਦਾ ਪ੍ਰਦਰਸ਼ਨ ਸਾਡੀ ਯੂਨੀਵਰਸਿਟੀ ਦੀ ਆਤਮਾ ਨੂੰ ਦਰਸਾਉਂਦਾ ਹੈ — ਉੱਤਮਤਾ, ਹੌਸਲਾ ਅਤੇ ਜਜ਼ਬਾ। ਚਾਰ ਸੋਨੇ ਦੇ ਤਮਗੇ ਅਤੇ 'ਚੈਂਪੀਅਨ ਆਫ ਚੈਂਪੀਅਨਜ਼' ਟ੍ਰਾਫੀ ਜਿੱਤਣਾ ਇੱਕ ਵੱਖਰੀ ਹੀ ਉਪਲਬਧੀ ਹੈ, ਅਤੇ ਅਸੀਂ ਉਸ ਉੱਤੇ ਬੇਹੱਦ ਮਾਣ ਮਹਿਸੂਸ ਕਰ ਰਹੇ ਹਾਂ। ਇਹ ਜਿੱਤ ਸਾਡੇ ਸਾਰੇ ਵਿਦਿਆਰਥੀਆਂ ਲਈ ਪ੍ਰੇਰਣਾ ਬਣੇਗੀ।"ਡਾ: ਨਿਤਿਨ ਟੰਡਨ, ਵਾਈਸ-ਚਾਂਸਲਰ, ਸੀ.ਟੀ. ਯੂਨੀਵਰਸਿਟੀ ਨੇ ਵੀ ਆਪਣੇ ਵਿਚਾਰ ਸਾਂਝੇ ਕਰਦੇ ਹੋਏ ਕਿਹਾ:"ਅਸੀਂ ਨਾ ਸਿਰਫ ਇਸ ਇਤਿਹਾਸਕ ਜਿੱਤ ਨੂੰ ਮਨਾਉਂਦੇ ਹਾਂ, ਸਗੋਂ ਆਪਣੇ ਵਿਦਿਆਰਥੀ ਦੀ ਮਿਹਨਤ ਅਤੇ ਖੇਡ ਵਿਭਾਗ ਵੱਲੋਂ ਮਿਲ ਰਹੇ ਮਜ਼ਬੂਤ ਸਹਿਯੋਗ ਦੀ ਵੀ ਖ਼ੂਬ ਸਾਰਾਹਨਾ ਕਰਦੇ ਹਾਂ। ਸੀ.ਟੀ. ਯੂਨੀਵਰਸਿਟੀ ਹਰ ਖੇਤਰ ਵਿੱਚ ਟੈਲੰਟ ਨੂੰ ਨਿਖਾਰਣ ਲਈ ਸਿਰਫ ਵਾਅਦਾ ਨਹੀਂ ਕਰਦੀ, ਉਸ ਉੱਤੇ ਪੂਰੀ ਤਰ੍ਹਾਂ ਖਰੀ ਉਤਰਦੀ ਹੈ — ਇਹ ਜਿੱਤ ਇਸੀ ਦ੍ਰਿਸ਼ਟੀਕੋਣ ਦਾ ਜੀਤਾ-ਜਾਗਦਾ ਸਬੂਤ ਹੈ।"

# ਦਰਬਾਰ ਬਾਬਾ ਸ਼ੇਖ ਨਸੀਰਾ ਜੀ ਵਿਖੇ ਸਾਲਾਨਾ ਜੋੜ ਮੇਲਾ 11,12 ਨੂੰ

ਫਿਲੌਰ/ਅੱਪਰਾ (ਦੀਪਾ)-ਸਥਾਨਕ ਮੰਡੀ ਰੋਡ ਅੱਪਰਾ ਵਿਖੇ ਸਥਿਤ ਪ੍ਰਸਿੱਧ ਧਾਰਮਿਕ ਅਸਥਾਨ ਦਰਬਾਰ ਬਾਬਾ ਸ਼ੇਖ ਨਸੀਰਾ ਜੀ ਵਿਖੇ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸਾਲਾਨਾ ਜੋੜ ਮੇਲਾ ਬ੍ਰਹਮਲੀਨ ਸਾਈਂ ਪ੍ਰਕਾਸ਼ ਰਾਮ ਜੀ ਦੇ ਆਸ਼ੀਰਵਾਦ ਸਦਕਾ ਗੱਦੀਨਸ਼ੀਨ ਸਾਈਂ ਕਿਸ਼ਨ ਲਾਲ ਜੀ ਦੀ ਅਗਵਾਈ ਹੇਠ ਦਰਬਾਰ ਬਾਬਾ ਸ਼ੇਖ ਨਸੀਰਾ ਜੀ ਪ੍ਰਬੰਧਕ ਕਮੇਟੀ, ਐੱਨ ਆਰ ਆਈ ਵੀਰਾਂ, ਗ੍ਰਾਮ ਪੰਚਾਇਤ ਤੇ ਸਮੂਹ ਸੰਗਤਾਂ ਦੇ ਸਹਿਯੋਗ ਸਦਕਾ ਮਿਤੀ 11 ਤੇ 12 ਜੁਲਾਈ ਦਿਨ ਸ਼ੁੱਕਰਵਾਰ ਤੇ ਸ਼ਨੀਵਾਰ ਨੂੰ ਪੂਰਨ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਦਰਬਾਰ ਬਾਬਾ ਸ਼ੇਖ ਨਸੀਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਰਾਜੇਸ਼



ਕੁਮਾਰ ਜੌਨੀ ਨੇ ਦੱਸਿਆ ਕਿ ਮਿਤੀ 11 ਜੁਲਾਈ ਦਿਨ ਸ਼ੁੱਕਰਵਾਰ ਨੂੰ ਚਾਦਰ ਤੇ ਝੰਡਾ ਚੜਾਉਣ ਦੀ ਰਸਮ ਅਦਾ ਕੀਤੀ ਜਾਵੇਗੀ। ਉਪਰੰਤ ਹਰਜੀਤ ਸਿੱਧੂ ਤੇ ਮਿਸ ਪ੍ਰਵੀਨ ਦਰਦੀ ਤੇ ਇਸ਼ਰਤ ਅਲੀ ਗੁਲਾਮ ਪਾਰਟੀ ਆਪਣਾ ਪ੍ਰੋਗਰਾਮ ਪੇਸ਼ ਕਰਨਗੇ ਛ ਮੇਲੇ ਦੇ ਦੂਸਰੇ ਦਿਨ ਮਿਤੀ 12 ਜੁਲਾਈ ਦਿਨ ਸ਼ਨੀਵਾਰ ਨੂੰ ਧਾਰਮਿਕ ਤੇ ਸੱਭਿਆਚਾਰਕ ਸਟੇਜ ਦੌਰਾਨ ਪੰਜਾਬੀ ਗਾਇਕ ਖਾਨ ਸਾਬ੍ਹ, ਆਫ਼ਰੀਨ ਗਰੁੱਪ, ਸਦੀ ਸਾਂਝ, ਪਰਮਜੀਤ ਪੰਮ, ਕਮਲ ਕਟਾਣੀਆ, ਸ਼ਾਹਿਦ ਅਲੀ, ਸੌਨੂੰ ਕਲੇਰ, ਲਸ਼ਕਰ, ਬਿੱਲੂ ਚੀਮਾ, ਰਵੀ ਖਾਨ, ਜੇ. ਚੀਮਾ, ਸਰਬੀ ਰਤਨ, ਰਾਕੇਸ਼ ਬਾਲੀ ਤੇ ਆਰ ਬਾਲੀ, ਹੈਰੀ ਖਾਨ, ਗੋਲਡਨ ਪ੍ਰਿਆ ਹੰਸ, ਸੁੱਚਾ ਸਬਰੀ, ਬਲਿਹਾਰ ਸੇਖੋਂ ਤੇ ਅਮਨ ਬਿੱਲੂ ਆਪਣਾ ਪ੍ਰੋਗਰਾਮ ਪੇਸ਼ ਕਰਨਗੇ।ਇਸ ਮੌਕੇ ਪ੍ਰਦੀਪ ਬੈਂਸ ਐਂਕਰ ਨੱਕਾਲ ਪਾਰਟੀ ਤੇ ਦਿਦਰਾ ਨੱਕਾਲ ਪਾਰਟੀ ਕੁਤਬੇਵਾਲ ਵਾਲੇ ਵੀ ਆਪਣਾ ਪ੍ਰੋਗਰਾਮ ਪੇਸ਼ ਕਰਨਗੇ। ਸਟੇਜ ਸਕੱਤਰ ਦੀ ਜ਼ਿੰਮੇਵਾਰੀ ਕਾਲਾ ਟਿੱਕੀਆਂ ਵਾਲਾ (ਕੇ. ਟੀ) ਨਿਭਾਉਣਗੇ। ਇਸ ਮੌਕੇ ਅਤੁੱਟ ਲੰਗਰ ਵੀ ਵਰਤਾਏ ਜਾਣਗੇ।

# ਐੱਸ.ਐੱਸ.ਡੀ ਕਾਲਜ ਬਣਿਆ ਵਿਦਿਆਰਥੀਆਂ ਦੀ ਪਹਿਲੀ ਪਸੰਦ

## ਬੀ.ਬੀ.ਏ ਅਤੇ ਬੀ.ਸੀ.ਏ ਦੀਆਂ ਸੀਟਾਂ ਭਰਨ ਕਿਨਾਰੇ

**ਬਰਨਾਲਾ (ਚੰਡਿਹੋਕ)** : ਐੱਸ.ਐੱਸ.ਡੀ ਕਾਲਜ ਬਰਨਾਲਾ ਵਿੱਚ ਨਵੇਂ ਦਾਖਲਾ ਲੈਣ ਵਾਲੇ ਵਿਦਿਆਰਥੀਆਂ ਵਿੱਚ ਬਹੁਤ ਉਤਸਾਹ ਪਾਇਆ ਜਾ ਰਿਹਾ ਹੈ, ਕਿਓਂਕਿ ਇਸ ਵਾਰ ਐੱਸ.ਐੱਸ.ਡੀ ਕਾਲਜ ਬਰਨ-ਾਲਾ ਵਿੱਚ ਕਈ ਨਵੇਂ ਕੋਰਸ ਸੁਰੂ ਕੀਤੇ ਗਏ ਹਨ। ਕਾਲਜ ਦੇ ਪ੍ਰਿੰਸੀਪਲ ਡਾ: ਰਾਕੇਸ਼ ਜਿੰਦਲ ਨੇ ਦੱਸਿਆ ਹੈ ਕਿ ਐੱਸ ਐੱਸ ਡੀ ਕਾਲਜ ਵਿੱਚ ਜਿਥੇ ਪਹਿਲਾਂ ਬੀ.ਏ, ਬੀ.ਸੀ.ਏ, ਬੀ ਕਾਮ, ਐਮ.ਏ ਹਿਸਟਰੀ, ਐਮ.ਏ ਪੰਜਾਬੀ, ਐਮ.ਐਸ.ਸੀ ਆਈ.ਟੀ, ਪੀ.ਜੀ.ਡੀ.ਸੀ.ਏ ਅਤੇ ਐਮ ਕਾਮ ਆਦਿ ਕੋਰਸ ਚੱਲ ਰਹੇ ਹਨ, ਉਥੇ ਇਸ ਵਾਰੀ ਬੀ.ਬੀ.ਏ ਅਤੇ ਬੀ.ਐਸ. ਸੀ ਮੈਡੀਕਲ ਅਤੇ ਨਾਲ ਮੈਡੀਕਲ ਸਮੇਤ ਕਈ ਨਵੇਂ ਕੋਰਸ ਸੁਰੂ ਕੀਤੇ ਗਏ ਹਨ। ਇਹਨਾਂ ਕੋਰਸਾਂ ਕਰਕੇ ਇਲਾਕਾ ਭਰ ਦੇ ਵਿਦਿਆਰਥੀਆਂ ਦਾ ਰੁਝਾਨ ਐੱਸ.ਐੱਸ.ਡੀ ਕਾਲਜ ਵੱਲ ਹੋਇਆ ਹੈ। ਐੱਸ.ਡੀ ਸਭਾ (ਰਜਿ:) ਦੇ ਚੇਅਰਮੈਨ ਸ੍ਰੀ ਸ਼ਿਵਦਰਸ਼ਨ ਕੁਮਾਰ ਸ਼ਰਮਾ ਨੇ ਦੱਸਿਆ ਕਿ ਇਸ ਵਾਰ ਹੋਏ ਯੂਥ ਫੈਸਟੀਵਲ ਵਿੱਚੋਂ ਆਲ ਓਵਰ ਟਰਾਫੀ ਜਿੱਤ ਕੇ ਦਰਸਾ ਦਿੱਤਾ ਹੈ ਕਿ ਇਲਾਕੇ



ਭਰ ਦੇ ਕਾਲਜਾਂ ਵਿੱਚੋਂ ਐੱਸ.ਐੱਸ.ਡੀ ਕਾਲਜ ਹੀ ਸਿਰਕੱਢ ਕਾਲਜ ਹੈ। ਇਸ ਲਈ ਐੱਸ.ਐੱਸ.ਡੀ ਕਾਲਜ ਹੁਣ ਵਿਦਿਆਰਥੀਆਂ ਦੀ ਪਹਿਲੀ ਪਸੰਦ ਬਣ ਗਿਆ ਹੈ। ਐੱਸ ਡੀ ਸਭਾ ਦੇ ਜਨਰਲ ਸਕੱਤਰ ਸ੍ਰੀ ਸਿਵ ਸਿੰਗਲਾ ਨੇ ਕਿਹਾ ਹੈ ਕਿ ਬਹੁਤ ਹੀ ਕਾਬਲ ਸਟਾਫ ਸਦਕਾ ਖੁੱਲ੍ਹੇ ਵਾਤਾਵਰਣ ਵਿੱਚ ਵੱਡੇ ਵੱਡੇ ਖੇਡ ਮੈਦਾਨਾਂ ਵਾਲੇ ਐੱਸ.ਐੱਸ.ਡੀ ਕਾਲਜ 'ਚ ਪੜਨ ਵਾਲੇ ਵਿਦਿਆਰਥੀਆਂ ਨੇ ਹਰ ਖੇਤਰ ਵਿੱਚ ਮੱਲਾਂ ਮਾਰੀਆਂ ਹਨ। ਜਿਥੇ ਸੱਭਿਆਚਾਰਕ ਗਤੀਵਿਧੀਆਂ ਵਿੱਚ ਵਿਦਿਆਰਥੀਆਂ ਨੇ ਲਾ-ਮਿਸਾਲ ਰੁਤਬੇ ਹਾਸਲ ਕੀਤੇ ਹਨ, ਉਥੇ ਖੇਡਾਂ ਦੇ ਖੇਤਰ ਵਿੱਚ ਵੀ ਸੂਬਾ ਅਤੇ ਨੈਸ਼ਨਲ ਪੱਧਰ 'ਤੇ ਤਮਗੇ ਜਿੱਤ ਕੇ ਵਿਦਿਆਰਥੀਆਂ ਨੇ ਕਾਲਜ ਅਤੇ ਆਪਣੇ ਮਾਤਾ ਪਿਤਾ ਦਾ ਨਾਮ ਰੌਸ਼ਨ ਕੀਤਾ ਹੈ । ਉਹਨਾਂ ਕਿਹਾ ਕਿ ਬੱਸ ਸਟੈਂਡ ਦੇ ਨਜਦੀਕ ਤਰਕਸੀਲ ਚੌਂਕ ਤੋਂ ਮਹਿਜ ਕੁੱਝ ਹੀ ਮੀਟਰ ਦੂਰ ਹੋਣ ਕਾਰਨ ਨੇੜਲੇ ਪਿੰਡਾਂ ਤੋਂ ਆਉਣ ਵਾਲੇ ਵਿਦਿਆਰਥੀਆਂ ਲਈ ਆਵਾਜਾਈ ਬਹੁਤ ਆਸਾਨ ਹੈ। ਇਸ ਕਰਕੇ ਹੁਣ ਵਿਦਿਆਰਥੀਆਂ ਦੀ ਪਹਿਲੀ ਪਸੰਦ ਐੱਸ.ਐੱਸ.ਡੀ ਕਾਲਜ ਬਣ ਗਿਆ ਹੈ।

# ਜੰਗਲਾਤ ਮਹਿਕਮੇ ਦੇ ਸਹਿਯੋਗ ਨਾਲ ਗੁਰਦੁਆਰਾ ਸਾਹਿਬ ਦੇ ਸੇਵਾਦਾਰਾ ਨੇ ਬੂਟਿਆਂ ਤ੍ਰਿਵੇਣੀ ਲਗਾਈ

**ਭੀਖੀ ( ਕਮਲ ਜਿੰਦਲ )** ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ ਭਿਖੀ ਵਿਖੇ ਜੰਗਲਾਤ ਮਹਿਕਮੇ ਦੇ ਸਹਿਯੋਗ ਨਾਲ ਗੁਰਦੁਆਰਾ ਸਾਹਿਬ ਦੇ ਸਾਹਮਣੇ ਪਏ ਗਰਾਊਂਡ ਦੀ ਸਾਫ ਸਫਾਈ ਕਰਕੇ 1000 ਫਲਦਾਰ ਅਤੇ ਫੁੱਲਦਾਰ ਬੂਟਿਆਂ ਦਾ ਜੰਗਲ ਲਗਾਇਆ ਜਾਵੇਗਾ ਜਿਸ ਦੀ ਅੱਜ ਤ੍ਰਿਵੇਣੀ ਲਗਾ ਕੇ ਸ਼ੁਰੂਆਤ ਕੀਤੀ ਗਈ। ਇਸ ਮੌਕੇ ਪੁੱਜੀ ਸੰਗਤ ਅਤੇ ਮੈਨੇਜਰ ਗੁਰਦੁਆਰਾ ਸਾਹਿਬ ਵੱਲੋਂ ਵਾਤਾਵਰਨ ਨੂੰ ਮੁੱਖ ਰੱਖਦੇ ਹੋਏ ਸੰਗਤ ਨੂੰ ਗੁਰੂ ਸਾਹਿਬਾਨ ਵੱਲੋਂ ਦਿੱਤੇ ਆਦੇਸ਼ ਦਾ ਹਵਾਲਾ ਦਿੰਦੇ ਹੋਏ ਕੁਦਰਤ ਨਾਲ ਪਿਆਰ ਹਵਾ ਤੇ ਪਾਣੀ ਦੀ ਸਾਫ ਸੰਭਾਲ ਉਚੇਚੇ ਤੌਰ ਤੇ ਕਰਨ ਦੀ ਅਪੀਲ ਕੀਤੀ ਉਹਨਾਂ ਵੱਲੋਂ ਆਸ ਪਾਸ ਦੇ ਪਿੰਡਾਂ ਦੀ ਗੁਰਦੁਆਰਾ ਕਮੇਟੀਆਂ ਨੂੰ ਗੁਰਦੁਆਰਾ ਸਾਹਿਬ ਦੀਆਂ



ਖਾਲੀ ਪਈਆਂ ਜਮੀਨਾਂ ਪਲਾਟਾਂ ਅੰਦਰ ਫੁੱਲਦਾਰ ਅਤੇ ਫਲਦਾਰ ਬੂਟੇ ਲਾਉਣ ਦੀ ਅਪੀਲ ਕੀਤੀ। ਇਸ ਮੌਕੇ ਜੰਗਲਾਤ ਅਫਸਰ ਮਨਦੀਪ ਕੌਰ ਨੇ ਕਿਹਾ ਕਿ ਅੱਜ ਕੱਲ ਦੇ ਗੰਧਲੇ ਹੋ ਰਹੇ ਵਾਤਾਵਰਣ ਨੂੰ ਦੇਖਦੇ ਹੋਏ ਹਰ ਮਨੁੱਖ ਨੂੰ ਆਪਣੀ ਜਿੰਦਗੀ ਵਿੱਚ ਇਕ ਰੁੱਖ ਜਰੂਰ ਲਾਉਣਾ ਚਾਹੀਦਾ ਹੈ। ਇਸ ਮੌਕੇ ਗੁਰਦੁਆਰਾ ਸਾਹਿਬ ਦੇ ਮੈਨੇਜਰ ਨਵਜੋਤ ਸਿੰਘ ਜੇਠੂਕੇ ਹੈਡ ਗ੍ਰੰਥੀ ਨਿਰਮਲ ਸਿੰਘ ਅਕਾਊਂਟੈਂਟ ਪਰਮਦੀਪ ਸਿੰਘ ਸਟੋਰ ਕੀਪਰ ਯਾਦਵਿੰਦਰ ਸਿੰਘ ਰਿਪੀ ਸਿੰਘ ਰਾਜ ਸਿੰਘ ਬਲਕਾਰ ਸਿੰਘ ਪਾਲ ਸਿੰਘ ਅਤੇ ਡਾਕਟਰ ਗੁਰਤੇਜ ਸਿੰਘ ਭੀਖੀ ਗੁਰ ਕਮੇਟੀ ਸਮੂਹ ਸੰਗਤ ਹਾਜ਼ਰ ਸਨ।

# ਪੰਜਾਬੀ ਸਾਹਿਤ ਸਭਾ ਰਜ਼ਿ ਫਰੀਦਕੋਟ ਦੀ ਮਾਸਿਕ ਇਕੱਤਰਤਾ ਹੋਈ

**ਫ਼ਰੀਦਕੋਟ (ਰਮੇਸ਼ਵਰ ਸਿੰਘ)** ਪੰਜਾਬੀ ਸਾਹਿਤ ਸਭਾ ਰਜ਼ਿ ਫਰੀਦਕੋਟ ਦੀ ਮਾਸਿਕ ਇਕੱਤਰਤਾ ਮਿਤੀ 6 ਜੁਲਾਈ 2025 ਦਿਨ ਐਤਵਾਰ ਨੂੰ ਕਰਨਲ ਬਲਬੀਰ ਸਿੰਘ ਸਰਾਂ ਦੀ ਪ੍ਰਧਾਨਗੀ ਹੇਠ ਸਥਾਨਕ ਪੈਨਸ਼ਨ ਭਵਨ ਫ਼ਰੀਦਕੋਟ ਨਜ਼ਦੀਕ ਹੁੱਕੀ ਚੌਂਕ ਵਿਖੇ ਹੋਈ। ਜਿਸ ਵਿੱਚ ਤਕਰੀਬਨ ਦੋ ਦਰਜਨ ਲੇਖਕਾਂ ਨੇ ਭਾਗ ਲਿਆ। ਜਿਨ੍ਹਾਂ ਵਿੱਚ ਪ੍ਰਿੰਸੀਪਲ ਨਵਰਾਹੀ ਘੁਗਿਆਣਵੀ , ਪ੍ਰੋ. ਪਾਲ ਸਿੰਘ ਪਾਲ, ਇਕਬਾਲ ਘਾਰੂ, ਦਰਸ਼ਨ ਸਿੰਘ ਰੋਮਾਣਾ, ਸੁਰਿੰਦਰਪਾਲ ਸ਼ਰਮਾ ਭਲੂਰ, ਪ੍ਰਿੰ. ਕ੍ਰਿਸ਼ਨ ਲਾਲ ਬਕੋਲੀਆ, ਪ੍ਰਿੰ. ਜੋਗਿੰਦਰ ਸਿੰਘ , ਬਲਵੰਤ ਰਾਏ ਗੱਖੜ , ਮੁਖਤਿਆਰ ਸਿੰਘ ਵੰਗੜ, ਸੁਖਚੈਨ ਸਿੰਘ ਥਾਂਦੇਵਾਲ, ਸੁਖਦੇਵ ਸਿੰਘ ਮਚਾਕੀ, ਸਾਧੂ ਸਿੰਘ ਚਮੇਲੀ, ਸਤਪਾਲ ਸਿੰਘ ਸੋਹਲ, ਇੰਦਰਜੀਤ ਸਿੰਘ ਖੀਵਾ, ਧਰਮ ਪ੍ਰਵਾਨਾ, ਹਰਸੰਗੀਤ ਸਿੰਘ ਗਿੱਲ, ਪਰਮਜੀਤ ਸਿੰਘ ਆਦਿ ਲੇਖਕ ਹਾਜ਼ਰ ਸਨ। ਸਭਾ ਨੇ ਸਭ ਤੋਂ ਪਹਿਲਾਂ ਕੁਝ ਸ਼ੋਕ ਮਤੇ ਪਾਏ ਜਿਨ੍ਹਾਂ ਵਿੱਚ ਪੰਜਾਬੀ ਸਾਹਿਤ ਦੀ ਜਾਣੀ ਪਹਿਚਾਣੀ ਸ਼ਖ਼ਸੀਅਤ ਅਤੇ ਪ੍ਰਸਿੱਧ ਕਵਿੱਤਰੀ ਭੁਪਿੰਦਰ ਕੌਰ



ਪ੍ਰੀਤ ( ਮੁਕਤਸਰ) ਦੇ ਮਾਤਾ ਜੀ ਦੇ ਅਕਾਲ ਚਲਾਣੇ ਅਤੇ ਪ੍ਰਸਿੱਧ ਕਵੀ ਮਾਸਟਰ ਸੁੰਦਰਪਾਲ ਪ੍ਰੇਮੀ( ਜੈਤੋ) ਦੇ ਅਕਾਲ ਚਲਾਣੇ ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ ਅਤੇ ਜੰਮੂ ਕਸ਼ਮੀਰ ਦੇ ਪਹਿਲਗਾਮ ਦੀ ਧਰਤੀ ਤੇ ਹੋਈ ਦਰਦਨਾਕ ਘਟਨਾ ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ ਅਤੇ ਵਿਛੜੀਆਂ ਰੂਹਾਂ ਦੀ ਆਤਮਿਕ ਸ਼ਾਂਤੀ ਲਈ ਅਰਦਾਸ ਕੀਤੀ ਗਈ। ਇਸ ਉਪਰੰਤ ਸ਼ਬਦ ਦਾਨੀ ਅਤੇ ਪ੍ਰਸਿੱਧ ਕਵੀ ਮੁਖਤਿਆਰ ਸਿੰਘ ਵੰਗੜ ਨੂੰ ਰੋਜ਼ਾਨਾ ਅਜੀਤ ਵਿੱਚ ਉਨ੍ਹਾਂ ਦੇ ਕਲਮੀ ਸਫ਼ਰ ਬਾਰੇ ਪ੍ਰਕਾਸ਼ਿਤ ਹੋਏ ਆਰਟੀਕਲ ਦੀ ਵਧਾਈ ਦਿੱਤੀ ਗਈ ਜਿਸ ਨੂੰ ਪ੍ਰਸਿੱਧ ਪੱਤਰਕਾਰ ਜਸਵੰਤ ਪੁਰਬਾ ਜੀ ਦੁਆਰਾ ਲਗਾਇਆ ਗਿਆ ਹੈ। ਸਭਾ ਵੱਲੋਂ ਪ੍ਰਸਿੱਧ ਕਵੀ ਪ੍ਰੋ. ਪਾਲ ਸਿੰਘ ਪਾਲ ਦੇ ਸਿਹਤਯਾਬ ਹੋਣ ਖੁਸ਼ੀ ਪ੍ਰਗਟ ਕੀਤੀ ਗਈ। ਇਸ ਉਪਰੰਤ ਸਭਾ ਵੱਲੋਂ ਮਰਹੂਮ ਲੇਖਕ ਜੋਰਾ ਸਿੰਘ ਸੰਧੂ ( ਕਹਾਣੀਕਾਰ) ਕੋਟਕਪੂਰਾ ਦੇ ਨਵ ਪ੍ਰਕਾਸ਼ਿਤ ਨਾਵਲ " ਡੁੱਲ੍ਹੇ ਹੋਏ ਬੇਰ" ਦੀ ਘੁੰਡ ਚੁਕਾਈ ਹੋਣ ਤੇ ਖੁਸ਼ੀ ਪ੍ਰਗਟ ਕੀਤੀ ਗਈ। ਸਭਾ ਨੂੰ ਪ੍ਰਿੰਸੀਪਲ ਨਵਰਾਹੀ ਘੁਗਿਆਣਵੀ ਜੀ ਵੱਲੋਂ ਦੱਸਿਆ ਗਿਆ ਕਿ ਇਸ ਨਾਵਲ ਛਪਣ ਦਾ ਸੇਹਰਾ ਮਰਹੂਮ ਜੋਰਾ ਸਿੰਘ ( ਕਹਾਣੀਕਾਰ) ਦੇ ਦੋਹਤੇ ਨਵਦੀਪ ਸਿੰਘ ਨੂੰ ਜਾਂਦਾ ਹੈ ਜੋ ਕਿ ਬਾਹਰਲੇ ਮੁਲਕ ਵਿੱਚ ਰਹਿ ਰਿਹਾ ਹੈ ਅਤੇ ਉਸ ਨੇ ਆਪਣੇ ਨਾਨਾ ਜੀ ਪੁਸਤਕ ਦਾ ਖਰੜਾ ਮੰਗਵਾ ਕੇ ਛਪਵਾਇਆ ਹੈ ਅਤੇ ਜੈਤੋ ਵਿਖੇ ਇੱਕ ਭਾਰੀ ਸਾਹਿਤਕ ਇਕੱਠ ਵਿੱਚ ਲੋਕ ਅਰਪਣ ਕਰਵਾਇਆ ਹੈ। ਅਖੀਰ ਵਿੱਚ ਸਾਰੇ ਲੇਖਕਾਂ ਨੇ ਆਪਣੀਆਂ ਪੇਸ਼ ਕੀਤੀਆਂ। ਇਸ ਉਪਰੰਤ ਇੰਨ੍ਹਾਂ ਰਚਨਾਵਾਂ ਤੇ ਵਿਚਾਰ ਚਰਚਾ ਵੀ ਕੀਤੀ ਗਈ।

## ਦੁਆਬਾ ਜਨਰਲ ਕੈਟਾਗਰੀ ਫਰੰਟ ਪੰਜਾਬ ਅਤੇ ਵਿਸ਼ਵ ਦੁਆਬਾ ਰਾਜਪੂਤ ਸਭਾ ਪੰਜਾਬ 9 ਦੀ ਦੇਸ਼ ਵਿਆਪੀ ਹੜਤਾਲ ਦਾ ਕਰੇਗੀ ਸਮਰਥਨ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਅੱਜ ਇੱਕ ਪ੍ਰੈਸ ਬਿਆਨ ਜਾਰੀ ਕਰਦੇ ਹੋਏ ਦੁਆਬਾ ਜਨਰਲ ਕੈਟਾਗਰੀ ਫਰੰਟ ਪੰਜਾਬ ਦੇ ਪ੍ਰਧਾਨ ਬਲਵੀਰ ਸਿੰਘ ਫੁੱਗਲਾਣਾ ਅਤੇ ਜਨਰਲ ਸਕੱਤਰ ਵਿਸ਼ਵ ਦੁਆਬਾ ਰਾਜਪੂਤ ਸਭਾ ਪੰਜਾਬ ਮੈਂ ਇੱਕ ਪ੍ਰੈਸ ਬਿਆਨ ਜਾਰੀ ਕਰਦਿਆਂ ਆਖਿਆ ਕਿ ਨੌ ਤਰੀਕ ਦੀ ਦੇਸ਼ ਵਿਆਪੀ ਹੜਤਾਲ ਵਿੱਚ ਦੋਨੋਂ ਜਥੇਬੰਦੀਆਂ ਵੱਧ ਚੜ ਕੇ ਹਿੱਸਾ ਲੈਣਗੀਆਂ ਬਲਵੀਰ ਸਿੰਘ ਭੁਗਲਾਣਾ ਨੇ ਆਖਿਆ ਕਿ ਕੇਂਦਰ ਅਤੇ ਪੰਜਾਬ ਸਰਕਾਰ ਦੀਆਂ ਕਿਸਾਨ ਮਜ਼ਦੂਰ ਅਤੇ ਮੁਲਾਜ਼ਮ ਵਿਰੋਧੀ ਕਾਰਵਾਈਆਂ ਨੂੰ ਕਦੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ ਪੰਜਾਬ ਸਰਕਾਰ ਕੇਂਦਰ ਸਰਕਾਰ ਦੀ ਬੀ ਟੀਮ ਬਣ ਕੇ ਪੰਜਾਬ ਦੇ ਵਿੱਚ ਵਿਚਰ ਰਹੀ ਹੈ ਅਤੇ ਪੰਜਾਬ ਵਿੱਚ ਭੂ ਮਾਫੀਆ ਅਤੇ ਕਾਰ-ਪੋਰੇਟ ਘਰਾਣਿਆਂ ਦਾ ਕਬਜ਼ਾ ਕਰਵਾਉਣਾ ਚਾਹੁੰਦੀ ਹੈ ਪੰਜਾਬ ਦੇ ਅਣਖੀ ਲੋਕ ਜਿਨਾਂ ਨੇ ਕਦੇ ਅਬਦਾਲੀ ਦੇ ਦੰਦ ਖੱਟੇ ਕੀਤੇ ਸਨ ਉਹ ਅੱਜ ਵੀ ਸਰਕਾਰਾਂ ਦੇ ਨਾਲ ਲੋਹਾ ਲੈਣ ਲਈ ਤਿਆਰ ਬਰ ਤਿਆਰ ਬੈਠੇ ਹਨ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਦਿੱਲੀ ਦੇ ਇਸ਼ਾਰੇ ਉੱਤੇ ਨੱਚਣ ਦੀ ਬਜਾਏ ਪੰਜਾਬ ਦੇ ਲੋਕਾਂ ਦੇ ਨਾਲ ਖੜਨਾ ਚਾਹੀਦਾ ਹੈ। ਦਿੱਲੀ ਦੇ ਲੋਕਾਂ ਵੱਲੋਂ ਨਕਾਰੇ ਹੋਏ ਆਗੂ ਅੱਜ ਪੰਜਾਬ ਦੇ ਵਿੱਚ ਆਪਣੀ ਕਿਸਮਤ ਅਜਮਾਉਣਾ ਚਾਹੁੰਦੇ ਹਨ, ਜੋ ਕਿ ਲੋਕ ਉਹਨਾਂ ਦੀ ਇਹ ਮਨਸਾ ਕਦੇ ਪੂਰੀ ਨਹੀਂ ਹੋਣ ਦੇਣਗੇ।

## ਸ੍ਰੀ ਅਕਾਲ ਤਖਤ ਸਾਹਿਬ ਦੀ ਮਹਾਨਤਾ ਅਤੇ ਸਰਬਉੱਚਤਾ ਨੂੰ ਚੁਣੌਤੀ ਦੇਣ ਦੀ ਗੁਸਤਾਖੀ ਨਾ ਕੀਤੀ ਜਾਵੇ : ਸਿੰਗੜੀਵਾਲਾ

**ਹੁਸ਼ਿਆਰਪੁਰ (ਤਰਸੇਮ ਦੀਵਾਨਾ** ) "ਬੇਸੱਕ ਸਿੱਖ ਕੌਮ ਦੇ ਪੰਜੇ ਤਖਤ ਸਾਹਿਬਾਨ ਅਤਿ ਸਤਿਕਾਰਿਤ ਅਤੇ ਪ੍ਰਵਾਨਿਤ ਹਨ । ਇਸ ਵਿਚ ਵੀ ਕੋਈ ਸ਼ੱਕ ਨਹੀ ਕਿ ਪੰਜੇ ਤਖਤ ਸਾਹਿਬਾਨਾਂ ਦੇ ਜਥੇਦਾਰ ਸਾਹਿਬਾਨ ਦੀ ਸਮੁੱਚੀ ਸਹਿਮਤੀ ਨਾਲ ਹੀ ਖਾਲਸਾ ਪੰਥ ਲਈ ਹੁਕਮਨਾਮੇ ਅਤੇ ਕੌਮ ਪੱਖੀ ਫੈਸਲੇ ਹੁੰਦੇ ਹਨ । ਪਰ ਸਿੱਖ ਅਤੇ ਕੌਮੀ ਰਵਾਇਤਾ ਅਨੁਸਾਰ ਇਹ ਹੁਕਮ-ਨਾਮੇ ਕੇਵਲ ਤੇ ਕੇਵਲ ਸ੍ਰੀ ਅਕਾਲ ਤਖਤ ਸਾਹਿਬ ਦੀ ਫਸੀਲ ਤੇ ਹੀ ਕਾਇਮ ਮੁਕਾਮ ਜਥੇਦਾਰ ਸਾਹਿਬ ਵੱਲੋ ਹੀ ਸਮੁੱਚੀ ਸਿੱਖ ਕੌਮ ਲਈ ਸਦੀਆਂ ਤੋ ਜਾਰੀ ਹੁੰਦੇ ਆ ਰਹੇ ਹਨ । ਅਜਿਹੇ ਹੁਕਮਨਾਮਿਆ ਅੱਗੇ ਸਮੁੱਚੀ ਸਿੱਖ ਕੌਮ ਤੇ ਹਰ ਗੁਰੂ ਨਾਨਕ ਨਾਮ ਲੇਵਾ ਸੀਸ ਝੁਕਾਉਦਾ ਹੈ । ਲੇਕਿਨ ਕੁਝ ਸਮੇ ਤੋ ਬੀਜੇਪੀ-ਆਰ.ਐਸ.ਐਸ ਤੇ ਹੋਰ ਫਿਰਕੂ ਸੰਗਠਨਾਂ ਤੇ ਜਮਾਤਾਂ ਵੱਲੋ ਤਖਤ ਸ੍ਰੀ ਹਜੂਰ ਸਾਹਿਬ ਅਤੇ ਤਖਤ ਸ੍ਰੀ ਪਟਨਾ ਸਾਹਿਬ ਦੇ ਪ੍ਰਬੰਧ ਉਤੇ ਹਕੂਮਤੀ ਅਜਾਰੇਦਾਰੀ ਕਾਇਮ ਕਰਨ ਹਿੱਤ ਅਤੇ ਖਾਲਸਾ ਪੰਥ ਦੇ ਕੌਮੀ ਫੈਸਲਿਆ ਵਿਚ ਦਖਲ ਦੇਣ ਦੇ ਹਕੂਮਤੀ ਦੁੱਖਦਾਇਕ ਅਮਲ ਹੁੰਦੇ ਆ ਰਹੇ ਹਨ ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਗੁਰਨਾਮ ਸਿੰਘ ਸਿੰਗੜੀਵਾਲਾ ਜਿਲ੍ਹਾ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ



(ਅੰਮ੍ਰਿਤਸਰ) ਨੇ ਤਖਤ ਸ੍ਰੀ ਪਟਨਾ ਸਾਹਿਬ ਤੋਂ ਪੰਜ ਪਿਆਰੇ ਸਾਹਿਬ-ਾਨ ਵੱਲੋਂ ਕਿਸੇ ਸਾਜਿਸ਼ ਅਧੀਨ ਜਾਰੀ ਹੋ ਰਹੇ ਹੁਕਮਨਾਮਿਆਂ ਦਾ ਸਖਤ ਨੋਟਿਸ ਲੈਂਦਿਆਂ ਹੋਇਆਂ ਕੀਤਾ ਇਸ ਸਮੇਂ ਸਿੰਗੜੀਵਾਲਾ ਨੇ ਕਿਹਾ ਕਿ ਇਸ ਸਭ ਲਈ ਐਸਜੀਪੀਸੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ, ਦਮਦਮੀ ਟਕਸਾਲ ਦੇ ਮੁਖੀ ਹਰਨਾਮ ਸਿੰਘ ਧੁੰਮਾ ਅਤੇ ਉਹਨਾਂ ਦੀਆਂ ਸਹਿਯੋਗੀ ਜਥੇਬੰਦੀਆਂ ਵੀ ਕਿਸੇ ਹੱਦ ਤੱਕ ਜਿੰਮੇਵਾਰ ਹਨ ਜਿਨਾਂ ਨੇ 6 ਜੂਨ ਨੂੰ ਸਾਜਿਸ਼ ਕਰਦਿਆਂ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਨੂੰ ਆਪਣਾ ਸੰਦੇਸ਼ ਦੇਣ ਤੋਂ ਰੋਕ ਕੇ ਇਤਿਹਾਸਿਕ ਗਲਤੀ ਕੀਤੀ ਤੇ ਪੰਥ ਵਿਰੋਧੀ ਸ਼ਕਤੀਆਂ ਨੂੰ ਅਜਿਹੀਆਂ ਗੁਸਤਾਖੀਆਂ ਕਰਨ ਲਈ ਉਤਸ਼ਾਹਿਤ ਕੀਤਾ ਉਹਨਾਂ ਕਿਹਾ ਕਿ ਸ੍ਰੀ ਅਕਾਲ ਤਖਤ ਸਾਹਿਬ ਦੀ ਮਹਾਨਤਾ ਅਤੇ ਸਰਬ ਉੱਚਤਾ ਨੂੰ ਚੁਨੌਤੀ ਦੇਣ ਵਾਲੀਆਂ ਕਾਰਵਾਈਆਂ ਤੁਰੰਤ ਬੰਦ ਕੀਤੀਆਂ ਜਾਣ ਕਿਉਂਕਿ ਸਿੱਖ ਕੌਮ ਇਸ ਨੂੰ ਬਿਲਕੁਲ ਬਰਦਾਸ਼ਤ ਨਹੀਂ ਕਰੇਗੀ।

# ਸੰਤ ਸਤਵਿੰਦਰ ਹੀਰਾ ਦੀ ਅਗਵਾਈ ਹੇਠ ਆਦਿ ਧਰਮ ਮਿਸ਼ਨ ਦਿੱਲੀ ਯੂਨਿਟ ਦੀ ਚੋਣ ਹੋਈ

## ਜੀ ਸੀ ਸੱਲ੍ਹਣ ਪ੍ਰਧਾਨ, ਅਖਸ਼ਯ ਭਾਰਦਵਾਜ ਜਨਰਲ ਸੈਕਟਰੀ ਨਿਯੁਕਤ

**ਹੁਸ਼ਿਆਰਪੁਰ / ਨਵੀ ਦਿੱਲੀ (ਤਰਸੇਮ ਦੀਵਾਨਾ** ) ਆਲ ਇੰਡੀਆ ਆਦਿ ਧਰਮ ਮਿਸ਼ਨ (ਰਜਿ.) ਭਾਰਤ ਦੀ ਵਿਸ਼ੇਸ਼ ਮੀਟਿੰਗ ਸੰਤ ਸਤਵਿੰਦਰ ਹੀਰਾ ਰਾਸ਼ਟਰੀ ਪ੍ਰਧਾਨ ਦੀ ਪ੍ਰਧਾਨਗੀ ਹੇਠ ਗੁਰੂ ਰਵਿਦ-ਾਸ ਮੰਦਿਰ ਸੁਦਰਸ਼ਨ ਪਾਰਕ ਨਵੀਂ ਦਿੱਲੀ ਵਿਖੇ ਹੋਈ , ਜਿਸ ਵਿਚ ਕੈਪਟਨ ਹਰਬੰਸ ਹੀਰਾ ਯੂ ਕੇ ਵਿਸ਼ੇਸ਼ ਤੌਰ ਤੇ ਸ਼ਾਮਲ ਹੋਏ। ਕਰੀਬ ਪੰਜ ਘੰਟੇ ਚੱਲੀ ਮੀਟਿੰਗ ਦੌਰਾਨ ਦੇਸ਼ ਵਿਦੇਸ਼ ਦੇ ਆਦਿ ਧਰਮ ਮਿਸ਼ਨ ਦੇ ਪੈਰੋਕਾਰਾਂ ਨੇ ਆਪਣੇ ਵਿਚਾਰ ਸਾਂਝੇ ਕੀਤੇ ਅਤੇ ਆਦਿ ਧਰਮ ਲਹਿਰ ਨੂੰ ਜਨਤਕ ਮੁਹਿੰਮ ਬਣਾਉਣ ,ਮਿਸ਼ਨ ਨੂੰ ਜਨ ਜਨ ਤੱਕ ਪਹੁੰਚਾਉਣ ਲਈ ਆਪਣੇ ਸੁਝਾਅ ਪੇਸ਼ ਕੀਤੇ। ਇਸ ਮੌਕੇ ਆਦਿ ਧਰਮ ਇਤਿਹਾਸ, ਅਜੋਕੇ ਸਮੇਂ ਵਿੱਚ ਮਿਸ਼ਨ ਨੂੰ ਚਣੌਤੀਆਂ, ਸਮਾਜ ਵਿੱਚ ਵੱਧ ਰਹੇ ਭੇਦ ਭਾਵ, ਔਰਤਾਂ ਤੇ ਹੋ ਰਹੇ ਅਤਿਆਚਾਰ ਤੇ ਅਪਮਾਨ ਦੀਆਂ ਘਟਨਾਵਾਂ ਤੇ ਗਹਿਰੀ ਚਿੰਤਾ ਦਾ ਪ੍ਰਗਟਾਵਾ ਕੀਤਾ ਗਿਆ। ਇਸ ਮੌਕੇ ਹਰਬੰਸ ਹੀਰਾ ਯੂ ਕੇ,ਚੇਅਰਮੈਨ ਚੇਤ ਰਾਮ ਤੱਖੀ, ਸੰਤ ਪ੍ਰੇਮ ਦਾਸ ਜੱਸਲ, ਆਰ ਐਲ ਪਰਦੀਪ



**ਦਿੱਲੀ ਯੂਨਿਟ ਦੀ ਚੋਣ ਸਮੇਂ ਹਾਜਰ ਸੰਤ ਸਤਵਿੰਦਰ ਹੀਰਾ ਤੇ ਸੰਗਤਾਂ।**
**ਫੋਟੋ ਅਜਮੇਰ ਦੀਵਾਨਾ**

ਆਈ ਏ ਐਸ, ਹਜਾਰੀ ਲਾਲ, ਪਵਨ ਕੁਮਾਰ, ਅਰੁਣ ਕੁਮਾਰ, ਜੀ ਸੀ ਸੱਲ੍ਹਣ, ਜੋਗਿੰਦਰ ਸਿੰਘ ਨਰਵਾਲ, ਰਾਮ ਚੰਦਰ ਪ੍ਰਭਾਵਕਰ, ਓ ਪੀ ਢਾਂਡਾ, ਅਖਸ਼ਯ ਭਾਰਦਵਾਜ , ਉਮਰ ਪਾਲ, ਸ੍ਰੀਮਤੀ ਰਾਣੀ ਚੋਪੜਾ, ਦੁਰਗਾ ਪ੍ਰਸ਼ਾਦ, ਪ੍ਰਵੀਨ ਦਿਆਲ, ਬਿਲੀਅਮ ਪਾਲ, ਰਾਮ ਗੋਪਾਲ ਅਤੇ ਅਰਵਿੰਦ ਕਟਾਰੀਆ ਨੇ ਆਪਣੇ ਵਿਚਾਰ ਪੇਸ਼ ਕੀਤੇ । ਇਸ ਮੌਕੇ ਭਾਰੀ ਸੰਗਤ ਦੀ ਹਾਜਰੀ ਵਿੱਚ ਦਿੱਲੀ ਆਦਿ ਧਰਮ ਮਿਸ਼ਨ ਯੂਨਿਟ ਦੀ ਚੋਣ ਕੀਤੀ ਗਈ ਅਤੇ ਗੁਰੂ ਰਵਿਦਾਸ ਮੰਦਿਰ ਸੁਦਰਸ਼ਨ ਪਾਰਕ ਦਿੱਲੀ ਨੂੰ ਆਦਿ ਧਰਮ ਮਿਸ਼ਨ ਦਾ ਮੁੱਖ ਦਫਤਰ ਐਲਾਨ ਕੀਤਾ ਗਿਆ। ਇਸ ਮੌਕੇ ਜੀ ਸੀ ਸੱਲ੍ਹਣ ਨੂੰ ਦਿੱਲੀ ਯੂਨਿਟ ਦਾ ਪ੍ਰਧਾਨ ਅਤੇ ਹਜਾਰੀ ਲਾਲ, ਪ੍ਰਵੀਨ ਦਿਆਲ, ਬਨਾਰਸੀ ਦਾਸ ਉਪ ਪ੍ਰਧਾਨ ,ਅਖਸ਼ਯ ਭਾਰਦਵਾਜ ਜਨਰਲ ਸੈਕਟਰੀ, ਬੀ ਐਸ ਸੋਂਧੀ ਸੈਕਟਰੀ, ਜੁਗਿੰਦਰ ਸਿੰਘ ਨਰਵਾਲ ਅਰਗੇਨਾਇਜਰ ਸੈਕਟਰੀ, ਪੀ ਆਰ ਓ ਉਮਰ ਪਾਲ ਮੀਡੀਆ ਸੈਕਟਰੀ, ਬਿਲੀਅਮ ਪਾਲ ਨੰਗੋਲੀ ਸੈਕਟਰੀ, ਸ੍ਰੀਮਤੀ ਮੰਜੂ ਆਦਿਬੰਸ਼ੀ, ਸ੍ਰੀਮਤੀ ਰਾਣੀ ਚੋਪੜਾ , ਓ ਪੀ ਢਾਂਡਾ ਮੈਂਬਰ ਨਿਯੁਕਤ ਕੀਤੇ ਗਏ । ਇਸ ਮੌਕੇ ਸੰਤ ਸਤਵਿੰਦਰ ਹੀਰਾ ਰਾਸ਼ਟਰੀ ਪ੍ਰਧਾਨ ਨੇ ਦਿੱਲੀ ਯੂਨਿਟ ਦੀ ਨਵੀਂ ਚੁਣੀ ਆਦਿ ਧਰਮ ਮਿਸ਼ਨ ਟੀਮ ਨੂੰ ਸ਼ੁਭਕਾਮਨਾਵਾਂ ਭੇਟ ਕਰਦਿਆਂ ਕਿਹਾ ਕਿ ਆਦਿ ਧਰਮ ਮਿਸ਼ਨ ਦੇ ਪ੍ਰਚਾਰ ਤੇ ਪ੍ਰਸਾਰ ਅਤੇ ਸੰਤ ਬਾਬਾ ਬੰਤਾ ਰਾਮ ਘੇੜਾ ਵਲੋਂ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਖੋਜ ਕੀਤੇ ਇਤਿਹਾਸਕ ਅਸਥਾਨਾਂ ਦੀ ਨਵ ਉਸਾਰੀ ਲਈ ਏਕਤਾ, ਪਿਆਰ ਤੇ ਭਾਈਚਾਰਾ ਬਣਾਕੇ ਉਸਾਰੂ ਯਤਨ ਆਰੰਭ ਕੀਤੇ ਜਾਣ ਅਤੇ ਆਦਿ ਧਰਮੀ ਕੌਮ ਨੂੰ ਇੱਕ ਮੰਚ ਤੇ ਇਕਠੇ ਕਰਕੇ ਸੰਘਰਸ਼ ਤੇਜ ਕੀਤਾ ਜਾਵੇ।

# ਲੋਕ ਇਨਸਾਫ਼ ਮੰਚ ਵਲੋਂ ਡੇਰਾ ਮਈਆ ਭਗਵਾਨ ਦੇ ਸਾਹਮਣੇ ਗੰਦੇ ਪਾਣੀ ਦੀ ਨਿਕਾਸੀ ਦੇ ਹੱਲ ਲਈ ਬੀ ਡੀ ਪੀ ਓ ਦਫਤਰ ਫਿਲੌਰ ਵਿਖੇ ਪੱਕਾ ਧਰਨਾ ਸ਼ੁਰੂ

## ਪਾਣੀ ਦੀ ਨਿਕਾਸੀ ਦੇ ਪੱਕੇ ਹੱਲ ਤੱਕ ਸੰਘਰਸ਼ ਜਾਰੀ ਰਹੇਗਾ ਅਤੇ 15 ਜੁਲਾਈ ਨੂੰ ਵੱਡਾ ਇਕੱਠ ਕੀਤਾ ਜਾਵੇਗਾ:- ਜਰਨੈਲ ਫਿਲੌਰ

**ਫਿਲੌਰ/ਅੱਪਰਾ (ਦੀਪਾ)-** ਲੋਕ ਇਨਸਾਫ਼ ਮੰਚ ਵਲੋਂ ਡੇਰਾ ਮਈਆ ਭਗਵਾਨ ਦੇ ਗੇਟ ਸਾਹਮਣੇ ਪੈਂਦੇ ਗੰਦੇ ਪਾਣੀ ਦੀ ਨਿਕਾਸੀ ਦੇ ਹੱਲ ਲਈ ਬੀ ਡੀ ਪੀ ਓ ਦਫਤਰ ਫਿਲੌਰ ਸਾਹ-ਮਣੇ ਪੱਕਾ ਧਰਨਾ ਸ਼ੁਰੂ ਕੀਤਾ ਗਿਆ ਜਿਸ ਵਿੱਚ ਪਹਿਲੇ ਦਿਨ ਸੈਕੜੇ ਲੋਕਾਂ ਵਲੋਂ ਹਿੱਸਾ ਲਿਆ ਗਿਆ। ਇਸ ਮੌਕੇ ਧਰਨੇ ਦੀ ਅਗਵਾਈ ਡੇਰਾ ਮਈਆ ਭਗਵਾਨ ਦੇ ਮੁੱਖ ਸੇਵਾਦਾਰ ਸ਼ੰਭੂ ਜੀ ਅਤੇ ਲੋਕ ਇਨਸਾਫ਼ ਮੰਚ ਦੇ ਪ੍ਰਧਾਨ ਜਰਨੈਲ ਫਿਲੌਰ ਨੇ ਕੀਤੀ। ਇਸ ਮੌਕੇ ਭਰਾਤਰੀ ਜਥੇਬੰਦੀਆਂ, ਕਿਸਾਨ ਤੇ ਮਜ਼ਦੂਰ ਜਥੇਬੰਦੀਆਂ ਦੇ ਆਗੂਆਂ ਵਲੋਂ ਸੰਬੋਧਨ ਕਰਦਿਆਂ ਧਰਨੇ ਦੀ ਸਫਲਤਾ ਲਈ ਸਹਿਯੋਗ ਦੇਣ ਦਾ ਐਲਾਨ ਕੀਤਾ। ਇਸ ਮੌਕੇ ਲੋਕ ਇਨਸਾਫ਼ ਮੰਚ ਦੇ ਆਗੂਆਂ ਜਰਨੈਲ ਫਿਲੌਰ, ਪ੍ਰਸ਼ੋਤਮ ਫਿਲੌਰ, ਮਾਸਟਰ ਹੰਸ ਰਾਜ, ਐਡਵੋਕੇਟ ਸੰਜੀਵ ਕੁਮਾਰ ਭੌਰਾ, ਡਾਕਟਰ ਸੰਦੀਪ ਕੁਮਾਰ, ਲਾਡੀ ਮਹਿਸਮ-ਪੁਰ,ਡਾਕਟਰ ਅਸ਼ੋਕ ਕੁਮਾਰ, ਹਨੀ ਸੰਤੋਖਪੁਰਾ, ਰਾਮਜੀ ਦਾਸ ਗੰਨਾ ਪਿੰਡ, ਜਤਿਨ ਕੁਮਾਰ, ਰਾਜਵਿੰਦਰ ਸਿੰਘ ਮੁਠੱਡਾ, ਜਸਵਿੰਦਰ ਜੱਸੀ, ਰਾਜਿੰਦਰ ਸੰਧੂ, ਜਸਵੰਤ ਬੋਧ, ਤਰਸੇਮ ਸਿੰਘ, ਜਿਲ੍ਹਾ ਸਕੱਤਰ, ਅਤੇ ਸਰਬਜੀਤ ਸਾਬੀ, ਭਾਰਤੀ ਕਿਸਾਨ ਯੂਨੀਅਨ ਦੋਆਬਾ, ਤਰਸੇਮ ਸਿੰਘ ਕਡਿਆਣਾ ਅਤੇ ਬਲਦੇਵ ਸੇਲਕੀਆਨਾ,ਕਿਰਤੀ ਕਿਸਾਨ ਯੂਨੀਅਨ, ਇਨਸਾਨੀਅਤ ਦੇ ਸੇਵਾਦਾਰ ਜੱਥੇਬੰਦੀ ਆਗੂਆਂ ਨੇ ਸੰਬੋਧਨ ਕੀਤਾ। ਇਸ ਮੌਕੇ ਆਗੂਆਂ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਜਦੋਂ ਤੱਕ ਮਸਲਾ ਹੱਲ ਨਹੀਂ ਹੁੰਦਾਂ ਇਹ ਧਰਨਾ ਪੱਕੇ ਤੌਰ ਤੇ ਚਲਦਾ ਰਹੇਗਾ





ਅਤੇ 15 ਜੁਲਾਈ ਨੂੰ ਭਰਾਤਰੀ ਜਥੇਬੰਦੀਆਂ ਦੇ ਸਹਿਯੋਗ ਨਾਲ ਵੱਡਾ ਇਕੱਠ ਕੀਤਾ ਜਾਵੇਗਾ।ਇਸ ਮੌਕੇ ਬਾਬਾ ਕੁਲਰਾਜ ਦਰਗਾਹ ਪ੍ਰਬੰਧਕ ਕਮੇਟੀ, ਯੁਵਾ ਮੋਰਚਾ ਪੰਜਾਬ ਤੋਂ ਅਨੂੰ ਸਹੋਤਾ, ਅਸ਼ਵਨੀ ਸਹੋਤਾ, ਫਿਲੌਰ ਪੱਤਰਕਾਰ ਭਾਈਚਾਰੇ ਵਲੋਂ ਜਗਨ ਨਾਥ ਜਗੀ, ਆਰ ਐਲ ਰਾਣਾ, ਜਗਜੀਤ ਭੱਟੀ, ਇੰਦਰਜੀਤ ਸਿੰਘ, ਸੁਰਜੀਤ ਬਰਨਾਲਾ, ਮੋਨੂੰ ਸੰਧੀ, ਬੰਟੀ ਕਲੇਰ, ਸੰਦੀਪ ਭੱਟੀਆਰਾ, ਰਮਨ ਮਾਹੀ, ਬੱਗਾ ਸੇਲਕਿਆਣਾ, ਸਾਬਕਾ ਸਰਪੰਚ ਸਰਬਜੀਤ ਸਬੀ, ਸਰਪੰਚ ਅੱਟੀ ਬਲਵੀਰ ਚੋਪੜਾ, ਸਤਪਾਲ ਸਾਹਪੁਰ, ਬਲਦੇਵ ਪੰਚ ਗੜਾ, ਵਰਿੰਦਰ ਪਵਾਰ, ਨਰਿੰਦਰ ਕੁਮਾਰ, ਬਾਬਾ ਮਹਿੰਦਰ ਪਾਲ, ਅਸਦੀਨ ਢੰਡਾ, ਵਿਨੋਦ ਸੋਨੀ, ਸ਼ੌਕਤ ਅਲੀ, ਮਨੋਹਰ ਬਾਲੀ, ਵਸੰਜੀਵ ਕੁਮਾਰ, ਅਵਤਾਰ ਖੈਰਾ, ਸੋਨੂੰ ਗੜਾ, ਮਨਸਾ ਰਾਮ ਪੰਚ, ਇੰਦਰ ਜੀਤ ਸਿੰਘ, ਦਵਿੰਦਰ ਕੈਥ, ਵਿਸ਼ੂ ਭੰਡਾਰੀ, ਅਰੁਣ ਸ਼ਰਮਾ, ਬੰਟੀ ਅਰੋੜਾ, ਜਰਨੈਲ ਪੰਚ, ਰਣਜੀਤ ਕੁਮਾਰ ਸਾਬਕਾ ਸਰਪੰਚ ਅਕਲਪੁਰ, ਗੁਰਮੇਲ ਮੁਠੱਡਾ, ਸੋਮਨਾਥ ਸਖੂਪੁਰ, ਸਰੂਪ ਕਲੇਰ,ਮਨਜੀਤ ਰਾਮਗੜ, ਇਕਬਾਲ ਸਿੰਘ ਜਗਤਪੁਰਾ ,ਅਜੇ ਹਮਸਰ, ਅਮਰਦੀਪ ਟੀਨੂੰ, ਕਰਨ ਕੁਮਾਰ, ਰਾਜੇਸ਼ ਕੁਮਾਰ, ਬਿੱਟੂ ਪ੍ਰਧਾਨ, ਬਲਿਹਾਰ ਧੁਲੇਤਾ, ਜਸਵਿੰਦਰ ਬਿੱਲੂ ,ਮਹਿੰਦਰ ਲੱਲੀਆਂ, ਸਰਵਣ ਲੱਲੀਆਂ, ਸੋਮ ਨਾਥ ਲੱਲੀਆਂ, ਜੀਵਨ ਲਾਲ, ਵੀਜੇ ਜੌਹਲਾਂ, ਸੱਬੀ ਜਗਤਪੁਰ, ਜਸਵੀਰ ਸੰਧੂ, ਦਲਵੀਰ ਹੀਰ,ਬੀਬੀ ਸੋਮਾ ਰਾਣੀ, ਸਲਿੰਦਰ ਕੌਰ, ਬੀਬੀ ਹੰਸ ਕੌਰ, ਸੁਨੀਤਾ ਫਿਲੌਰ, ਕਮਲਜੀਤ ਕੌਰ, ਮੰਮਤਾ ਰਾਣੀ, ਹਰਬੰਸ ਕੌਰ, ਗੇਜੋ, ਸੁਰਜੀਤ ਕੌਰ ਆਦਿ ਹਾਜ਼ਰ ਸਨ।

# ਪੰਜਾਬ ਦੇ 30 ਲੱਖ ਰਾਸ਼ਨ ਕਾਰਡ ਧਾਰਕਾਂ ਲਈ ਵੱਡਾ ALERT, ਇਹ ਕੰਮ ਕਰਨ ਮਗਰੋਂ ਹੀ ਮਿਲੇਗੀ ਕਣਕ

**ਚੰਡੀਗੜ੍ਹ ਨਕੋਦਰ ਮਹਿਤਪੁਰ (ਹਰਜਿੰਦਰ ਪਾਲ ਛਾਬੜਾ)** ਪੰਜਾਬ ਦੇ ਕੈਬਨਿਟ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਸੂਬੇ ਦੇ ਸਮਾਰਟ ਰਾਸ਼ਨ ਕਾਰਡ ਧਾਰਕਾਂ ਨੂੰ ਈ-ਕੇ. ਵਾਈ. ਸੀ. ਕਰਵਾਉਣ ਦੀ ਅਪੀਲ ਕੀਤੀ ਹੈ ਤਾਂ ਜੋ ਉਹ ਅਨਾਜ ਤੋਂ ਵਾਂਝੇ ਨਾ ਰਹਿ ਸਕਣ। ਮੰਤਰੀ ਕਟਾਰੂਚੱਕ ਨੇ ਦੱਸਿਆ ਕਿ ਪੰਜਾਬ 'ਚ 1 ਕਰੋੜ 57 ਲੱਖ ਲਾਭਪਾਤਰੀ ਹਨ। ਇਨ੍ਹਾਂ 'ਚੋਂ ਭਾਰਤ ਸਰਕਾਰ ਦੇ ਹੁਕਮਾਂ ਮੁਤਾ-ਬਕ 5 ਸਾਲ ਤੋਂ ਛੋਟੇ ਬੱਚਿਆਂ ਨੂੰ ਬਾਹਰ ਕੱਢ ਦਿੱਤਾ ਗਿਆ ਹੈ, ਜਿਸ ਮਗਰੋਂ 1 ਕਰੋੜ 57 ਲੱਖ ਲਾਭਪਾਤਰੀ ਬਚਦੇ ਹਨ। ਮੰਤਰੀ ਕਟਾਰੂਚੱਕ ਨੇ ਦੱਸਿਆ ਕਿ ਹੁਣ ਤੱਕ 1 ਕਰੋੜ, 25 ਲੱਖ, 50 ਹਜ਼ਾਰ ਲਾਭਪਾਤਰੀਆਂ ਦੀ ਈ-ਕੇ. ਵਾਈ. ਸੀ. ਕੀਤੀ ਜਾ ਚੁੱਕੀ ਹੈ। ਸਾਡੀ ਕੋਸ਼ਿਸ਼ ਹੈ ਕਿ ਕੋਈ ਵੀ ਗਰੀਬ ਅਤੇ ਲੋੜਵੰਦ ਵਿਅਕਤੀ ਅਨਾਜ ਤੋਂ ਵਾਂਝਾ ਨਾ ਰਹੇ।ਇਨ੍ਹਾਂ ਲਾਭਪਾਤਰੀਆਂ ਦੀ ਈ-ਕੇ. ਵਾਈ. ਸੀ. ਪਿਛਲੇ ਸਾਲ ਜੂਨ ਮਹੀਨੇ ਤੋਂ ਸ਼ੁਰੂ ਹੋਈ ਸੀ ਅਤੇ ਮਾਰਚ 2025 ਤੱਕ ਡੈੱਡਲਾਈਨ ਸੀ, ਜਿਸ 'ਚ 30 ਅਪ੍ਰੈਲ ਤੱਕ ਵਾਧਾ ਕੀਤਾ ਗਿਆ। ਫਿਰ ਇਹ ਤਾਰੀਖ਼ 30 ਜੂਨ ਅਤੇ ਇਸ ਤੋਂ ਬਾਅਦ 7 ਜੁਲਾਈ ਤੱਕ ਵਧਾਈ



ਗਈ। ਮੰਤਰੀ ਕਟਾਰੂਚੱਕ ਨੇ ਦੱਸਿਆ ਕਿ ਹੁਣ ਅਸੀਂ ਫਿਰ ਭਾਰਤ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਇਸ ਤਾਰੀਖ਼ ਨੂੰ 31 ਅਗਸਤ ਤੱਕ ਵਧਾਇਆ ਜਾਵੇ ਤਾਂ ਜੋ ਕੋਈ ਵੀ ਲਾਭਪਾਤਰੀ ਅਨਾਜ ਤੋਂ ਵਾਂਝਾ ਨਾ ਰਹੇ।ਮੰਤਰੀ ਕਟਾਰੂਚੱਕ ਨੇ ਪੰਜਾਬ ਵਾਸੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਡਿਪੂ 'ਤੇ ਜਾ ਕੇ ਜਾਂ ਆਪਣੇ ਘਰ ਬੈਠੇ ਮੋਬਾਇਲ 'ਤੇ ਈ-ਕੇ. ਵਾਈ. ਸੀ. ਜ਼ਰੂਰ ਕਰਵਾਉਣ। ਪੂਰੇ ਪੰਜਾਬ 'ਚ 30 ਲੱਖ ਲਾਭਪਾਤਰੀ ਅਜਿਹੇ ਹਨ, ਜਿਨ੍ਹਾਂ ਦੀ ਈ-ਕੇ. ਵਾਈ. ਸੀ. ਅਜੇ ਤੱਕ ਨਹੀਂ ਹੋਈ ਹੈ, ਉਹ ਜਲਦੀ ਤੋਂ ਜਲਦੀ ਇਹ ਕੰਮ ਕਰਵਾ ਲੈਣ ਤਾਂ ਜੋ ਕੋਈ ਵੀ ਅਨਾਜ ਤੋਂ ਵਾਂਝਾ ਨਾ ਰਹੇ। ਮੰਤਰੀ ਨੇ ਦੱਸਿਆ ਕਿ ਜਿੰਨੇ ਲੋਕਾਂ ਨੇ ਈ-ਕੇ. ਵਾਈ. ਸੀ. ਕਰਵਾ ਲਈ ਹੈ, ਉਨ੍ਹਾਂ ਨੂੰ ਕਣਕ ਵੰਡ ਦਿੱਤੀ ਗਈ ਹੈ ਅਤੇ ਜਿਹੜੇ ਰਹਿ ਗਏ ਹਨ, ਜਦੋਂ ਉਹ ਡਿਪੂ 'ਤੇ ਆ ਕੇ ਈ-ਕੇ. ਵਾਈ. ਸੀ. ਕਰਵਾ ਲੈਣਗੇ ਤਾਂ ਉਨ੍ਹਾਂ ਨੂੰ ਵੀ ਨਾਲ ਦੀ ਨਾਲ ਕਣਕ ਵੰਡ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਕਿਸੇ ਵੀ ਲੋੜਵੰਦ ਪਰਿਵਾਰ ਦੀ ਕਣਕ ਨਹੀਂ ਕੱਟੀ ਜਾਵੇਗੀ।

# ਬੂਥ ਲੈਵਲ ਅਫਸਰਾਂ ਲਈ ਨੈਸ਼ਨਲ ਟ੍ਰੇਨਿੰਗ ਪ੍ਰੋਗਰਾਮ ਦਾ ਆਯੋਜਨ

**ਫਿਲੌਰ/ਅੱਪਰਾ (ਦੀਪਾ)-** ਮਾਨਯੋਗ ਐਸਡੀਐਮ ਫਿਲੌਰ ਕਮ ਚੋਣ ਰਜਿਸਟਰੇਸ਼ਨ ਅਫਸਰ ਪਰਲੀਨ ਕੌਰ ਬਰਾੜ (ਈ. ਆਰ ਓ ), ਮਨਦੀਪ ਸਿੰਘ ਤਹਿਸੀਲਦਾਰ (ਏ. ਈ. ਆਰ. ਓ -1) ਰਾਜਿੰਦਰ ਕੌਰ 24ਫੋ(15੍ਰ2) ਜੀ ਦੇ ਦਿਸ਼ਾ ਨਿਰਦੇਸ਼ਾਂ ਹੇਠ ਸੈਕਟਰ ਅਫਸਰ ਕਮ ਸਕੂਲ ਮੁਖੀ ਜਸਪਾਲ ਸੰਧੂ ਦੀ ਅਗਵਾਈ ਵਿੱਚ ਸੈਕਟਰ ਨੰ 9,10,11,20 ਦੇ ਸਮੂਹ ਬੂਥ ਲੈਵਲ ਅਫਸਰਾਂ ਨੂੰ ਚੋਣਾਂ ਦੇ ਕੰਮ ਸਬੰਧੀ ਵਿਸਥਾਰ ਪੂਰਵਕ ਟ੍ਰੇਨਿੰਗ ਮਾਸਟਰ ਟ੍ਰੇਨੀ ਸ ਸ੍ਰੀ ਮੋਹਣ ਲਾਲ ਅਤੇ ਦੀਪਕ ਸਲਣ ਦੁਆਰਾ ਦਿੱਤੀ ਗਈ! ਅੱਜ ਦੀ ਟ੍ਰੇਨਿੰਗ ਵਿੱਚ ਵੱਖ ਵੱਖ ਪਿੰਡਾਂ ਤੋਂ ਲਗਭਗ 50 ਤੋਂ ਵੱਧ ਬੂਥ ਲੈਵਲ ਅਫਸਰਾਂ ਨੇ ਭਾਗ ਲਿਆ ਜਿਸ ਵਿੱਚ ਉਹਨਾਂ ਨੇ



ਨਵੀਆਂ ਵੋਟਾਂ ਬਣਾਉਣ, ਵੋਟਾਂ ਨੂੰ ਕੱਟਣ ਸਬੰਧੀ ਅਤੇ ਵੋਟਰਾਂ ਦੇ ਵੇਰਵੇਆਂ ਦੀ ਦਰੁਸਤੀ ਸਬੰਧੀ ਵਿਸਥਾਰਪੂਰਵਕ ਜਾਣਕਾਰੀ ਲਈ! ਇਸ ਤੋਂ ਇਲਾਵਾ ਬੂਥ ਲੈਵਲ ਅਫਸਰਾਂ ਦੀ ਜਾਣਕਾਰੀ ਦੀ ਪਰਖ ਸਬੰਧੀ ਇੱਕ ਪ੍ਰੀਖਿਆ ਦਾ ਆਯੋਜਨ ਵੀ ਕੀਤਾ ਗਿਆ! ਸਮੂਹ ਬੂਥ ਲੈਵਲ ਅਫਸਰਾਂ ਨੂੰ ਪ੍ਰਸ਼ੰਸਾ ਪੱਤਰ ਦੇ ਕੇ ਸਨਮਾਨਿਤ ਵੀ ਕੀਤਾ ਗਿਆ !ਸਕੂਲ ਮੁਖੀ ਜਸਪਾਲ ਸੰਧੂ ਨੇ ਚੋਣ ਕਮਿਸ਼ਨ ਦੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ ਅਤੇ ਆਸ ਕੀਤੀ ਹੈ ਕਿ ਭਵਿੱਖ ਵਿੱਚ ਇਹੋ ਜਿਹੇ ਪ੍ਰੋਗਰਾਮ ਬਹੁਤ ਲਾਹੇਵੰਦ ਸਿੱਧ ਹੋਣਗੇ! ਅੱਜ ਦੀ ਟ੍ਰੇਨਿੰਗ ਵਿੱਚ ਮੁੱਖ ਤੌਰ ਤੇ ਸੈਕਟਰ ਅਫਸਰ ਬਲਦੇਵ ਸਿੰਘ ਜੌਹਲ ਸੈਕਟਰ ਅਫਸਰ ਨਵਜੋਤ ਸਿੰਘ, ਮਾਸਟਰ ਟ੍ਰੇਨਿੰਗ ਸ੍ਰੀ ਮੋਹਨ ਲਾਲ ਅਤੇ ਦੀਪਕ ਸਲਣ ਅਤੇ ਸਮੂਹ ਬੂਥ ਲੈਵਲ ਅਫਸਰ ਹਾਜ਼ਰ ਸਨ ।



# ਰਿਸ਼ਤਿਆਂ ਦੀਆਂ ਕਿਸਮਾਂ

ਕੁੱਝ ਰਿਸ਼ਤੇ ਖ਼ੂਨ ਦੇ ਹੁੰਦੇ ,
ਜਿਉਂ ਕੰਨਾਂ ਵਿੱਚ ਬੁੰਦੇ ਨੇ ।
ਕਈ ਘਰ ਨੂੰ ਜੇਲ੍ਹ ਬਣਾ ਕੇ,
ਲਾਉਂਦੇ ਕੁੰਡੇ ਜਿੰਦੇ ਨੇ ।
ਕੁੱਝ ਬੋਝ ਵਾਂਗਰਾਂ ਜੀਵਨ ਭਰ,
ਬੱਸ ਢੋਣੇਂ ਪੈ ਜਾਂਦੇ ;
ਐਪਰ ਅਸਲੀ ਰਿਸ਼ਤੇ ਨਾਤੇ ,
ਦਿਲ ਦੀ ਸਾਂਝ ਦੇ ਹੁੰਦੇ ਨੇ।



ਮੂਲ ਚੰਦ ਸ਼ਰਮਾ
ਪ੍ਰਧਾਨ, ਪੰਜਾਬੀ ਸਾਹਿਤ
ਸਭਾ ਧੂਰੀ ਜ਼ਿਲ੍ਹਾ ਸੰਗਰੂਰ।
9914836037

# ਥੋੜ੍ਹਾ, ਥੋੜ੍ਹਾ ਬਚਾਓ ਪਾਣੀ

ਥੋੜ੍ਹਾ, ਥੋੜ੍ਹਾ ਬਚਾਓ ਪਾਣੀ/ ਗੀਤ
ਰੋਜ਼ ਥੋੜ੍ਹਾ, ਥੋੜ੍ਹਾ ਬਚਾਓ ਪਾਣੀ ਦੋਸਤੋ,
ਨਹੀਂ ਤਾਂ ਮਰ ਜਾਣਗੇ ਸਾਰੇ ਪ੍ਰਾਣੀ ਦੋਸਤੋ।
ਪਿੰਡਾਂ ਚੋਂ ਸਾਰੇ ਟੋਭੇ ਖਤਮ ਹੋ ਗਏ ਨੇ,
ਸਾਰੇ ਘਰਾਂ 'ਚ ਵਿਹੜੇ ਪੱਕੇ ਹੋ ਗਏ ਨੇ,
ਨਦੀਆਂ ਦੇ ਵਿੱਚ ਵੀ ਦਿਸੇ ਨਾ ਪਾਣੀ ਦੋਸਤੋ।
ਰੋਜ਼ ਥੋੜ੍ਹਾ, ਥੋੜ੍ਹਾ ਬਚਾਓ ਪਾਣੀ ਦੋਸਤੋ।
ਜੰਗਲਾਂ ਚੋਂ ਰੁੱਖ ਕੱਟੀ ਜਾਵੇ ਇਹ ਬੰਦਾ,
ਪਰਬਤਾਂ ਨੂੰ ਮੈਦਾਨ ਬਣਾਈ ਜਾਵੇ ਇਹ ਬੰਦਾ,
ਗਰਮੀ 'ਚ ਔਖੇ ਹੋਣ ਸਾਰੇ ਪ੍ਰਾਣੀ ਦੋਸਤੋ।
ਰੋਜ਼ ਥੋੜ੍ਹਾ, ਥੋੜ੍ਹਾ ਬਚਾਓ ਪਾਣੀ ਦੋਸਤੋ।
ਘਰਾਂ 'ਚ ਪਾਣੀ ਵਰਤਿਆ ਜਾ ਰਿਹਾ ਕਵੱਲਾ,
ਝੋਨਾ ਲਾ ਕੇ ਕਿਸਾਨ ਇਸ ਤੇ ਬੋਲੀ ਜਾਣ ਹੱਲਾ,
ਕਦਰ ਇਸ ਦੀ ਬੰਦੇ ਨੇ ਨਾ ਜਾਣੀ ਦੋਸਤੋ।
ਰੋਜ਼ ਥੋੜ੍ਹਾ, ਥੋੜ੍ਹਾ ਬਚਾਓ ਪਾਣੀ ਦੋਸਤੋ।
ਖੇਤਾਂ 'ਚ ਤੇ ਸੜਕਾਂ ਕੰਢੇ ਵੱਧ ਰੁੱਖ ਲਾਓ,
ਇਸ ਦੁਨੀਆਂ ਨੂੰ ਖਤਮ ਹੋਣ ਤੋਂ ਬਚਾਓ,
ਇਸ ਨੂੰ ਰਲ ਕੇ ਬਣਾਓ ਸੁਹਾਣੀ ਦੋਸਤੋ।
ਰੋਜ਼ ਥੋੜ੍ਹਾ, ਥੋੜ੍ਹਾ ਬਚਾਓ ਪਾਣੀ ਦੋਸਤੋ।
ਮੀਂਹ ਦੇ ਪਾਣੀ ਨੂੰ ਧਰਤੀ ਅੰਦਰ ਭਰ ਦਿਓ,
ਇਸ ਦੀ ਤਪ ਰਹੀ ਹਿੱਕ ਨੂੰ ਸ਼ਾਂਤ ਕਰ ਦਿਓ,
'ਪਾਣੀ ਪਿਤਾ' ਲਿਖਿਆ ਹੈ ਵਿੱਚ ਬਾਣੀ ਦੋਸਤੋ।
ਰੋਜ਼ ਥੋੜ੍ਹਾ, ਥੋੜ੍ਹਾ ਬਚਾਓ ਪਾਣੀ ਦੋਸਤੋ।
ਨਹੀਂ ਤਾਂ ਮਰ ਜਾਣਗੇ ਸਾਰੇ ਪ੍ਰਾਣੀ ਦੋਸਤੋ।



ਮਹਿੰਦਰ ਸਿੰਘ ਮਾਨ
ਪਿੰਡ ਤੇ ਡਾਕ ਰੱਕੜਾਂ ਢਾਹਾ-144526
(ਸ਼ਹੀਦ ਭਗਤ ਸਿੰਘ ਨਗਰ)
ਫੋਨ-9915803554

# ਕਣੀਆਂ ਆਈਆਂ

ਕਣੀਆਂ ਆਈਆਂ, ਕਣੀਆਂ ਆਈਆਂ।
ਨਿੱਕੀਆਂ-ਨਿੱਕੀਆਂ ਕਣੀਆਂ ਆਈਆਂ।
ਬਿਰਖਾਂ-ਬੂਟਿਆਂ 'ਤੇ ਰੌਣਕਾਂ ਛਾਈਆਂ।
ਨਿੱਕੀਆਂ-ਨਿੱਕੀਆਂ ਕਣੀਆਂ ਆਈਆਂ।

ਸੋਨੂੰ, ਮਿੰਟਾ, ਬਿੱਲਾ, ਹੋਏ ਇਕੱਠੇ ਸਾਰੇ।
ਕਣੀਆਂ ਵਿੱਚ ਭਿੱਜ-ਭਿੱਜ ਲੈਣ ਨਜ਼ਾਰੇ।
ਕੁੜੀਆਂ ਨੇ ਰਲ ਕਿੱਕਲੀਆਂ ਪਾਈਆਂ,
ਨਿੱਕੀਆਂ-ਨਿੱਕੀਆਂ ਕਣੀਆਂ ਆਈਆਂ।

ਕੰਮੋ, ਪ੍ਰੀਤੀ, ਸੁੱਖੀ ਨੂੰ ਵੀ ਸੱਦ ਲਿਆਈ।
ਸਾਰੀਆਂ ਨੇ ਇੱਕ-ਇੱਕ ਕਿਸ਼ਤੀ ਬਣਾਈ।
ਰੰਗ-ਬਰੰਗੀਆਂ ਲੀਕਾਂ ਨਾਲ ਸਜਾਈਆਂ,
ਨਿੱਕੀਆਂ ਨਿੱਕੀਆਂ ਕਣੀਆਂ ਆਈਆਂ।

ਜਿਵੇਂ-ਜਿਵੇਂ ਕਣੀਆਂ ਤੇਜ਼ ਮੀਂਹ ਹੋ ਜਾਣਾ।
ਗਲੀਆਂ ਦੇ ਵਿੱਚ ਪਾਣੀ ਪਾਣੀ ਹੋ ਜਾਣਾ।
ਵੇਖਿਓ ਜਦ ਕਿਸ਼ਤੀਆਂ ਦੌੜਾਂ ਲਾਈਆਂ,
ਨਿੱਕੀਆਂ ਨਿੱਕੀਆਂ ਕਣੀਆਂ ਆਈਆਂ।

ਬਿਜਲੀ ਲਿਸ਼ਕੇ, ਬੱਦਲ ਗਰਜਣ ਲੱਗੇ।
ਮਾਪੇ ਸਭ ਨੂੰ ਝਿੜਕਣ-ਵਰਜਣ ਲੱਗੇ।
ਅਵਾਜਾਂ ਲਗਾਉਣ ਚਾਚੀਆਂ, ਤਾਈਆਂ,
ਨਿੱਕੀਆਂ-ਨਿੱਕੀਆਂ ਕਣੀਆਂ ਆਈਆਂ।

ਰੌਲਾ ਸੁਣ ਬਾਪੂ ਜੀ ਵੀ ਬਾਹਰ ਆ ਗਏ।
ਫਸਲਾਂ-ਮੌਸਮਾਂ ਦੇ ਉਹ ਮਾਹਰ ਆ ਗਏ।
ਬੁੱਲਾਂ 'ਤੇ ਸ਼ੁਕਰ ਨੇ ਹਾਜ਼ਰੀਆਂ ਲਵਾਈਆਂ,
ਨਿੱਕੀਆਂ-ਨਿੱਕੀਆਂ ਕਣੀਆਂ ਆਈਆਂ।

ਕਹਿੰਦੇ ਕਿਸਾਨਾਂ ਨੂੰ ਸੌਖਾ ਸਾਹ ਹੋ ਜਾਣਾ।
ਫਸਲਾਂ ਨੇ ਹੁਣ ਵਾਧੇ ਦੇ ਰਾਹ ਹੋ ਜਾਣਾ।
ਘਾਹ-ਚਾਰੇ ਨਾਲ ਰੱਜਣ ਮੱਝਾਂ-ਗਾਈਆਂ,
ਨਿੱਕੀਆਂ-ਨਿੱਕੀਆਂ ਕਣੀਆਂ ਆਈਆਂ।

ਹੌਲ਼ੀ-ਹੌਲ਼ੀ ਇੱਧਰ ਬੱਦਲ ਆਉਣ ਲੱਗੇ।
ਠੰਢੀ-ਠੰਢੀ ਹਵਾ ਦੇ ਬੁੱਲੇ ਲਿਆਉਣ ਲੱਗੇ।
'ਬੋਲੋ ਬੱਦਲੋ! ਕਿਉਂ ਦੇਰੀਆਂ ਲਗਾਈਆਂ?'
ਨਿੱਕੀਆਂ-ਨਿੱਕੀਆਂ ਕਣੀਆਂ ਆਈਆਂ।

ਆਪਣੀਆਂ ਮਾਵਾਂ ਦੀ ਕੋਈ ਗੱਲ ਨਾ ਸੁਣੇ।
ਆਖੀ ਜਾਂਦੇ ਨੇ ਸਾਰੇ ਆ ਜਾਂਦੇ ਹਾਂ ਹੁਣੇ।
ਮੋਰਾਂ ਨੇ ਵੀ ਤਾਂ ਬਾਹਰ ਹੀ ਪੈਲਾਂ ਪਾਈਆਂ,
ਨਿੱਕੀਆਂ-ਨਿੱਕੀਆਂ ਕਣੀਆਂ ਆਈਆਂ।


'ਅੰਦਰ ਆਵੋ ਸਾਰੇ', ਹੁਣ ਬੇਬੇ ਜੀ ਬੁਲਾਉਣ।
'ਕਿਤੇ ਢਿੱਲੇ ਨਾ ਹੋ ਜਾਈਓ', ਉਹ ਸਮਝਾਉਣ।
'ਤਾਂ ਸੁਣੋਗੇ ਜੇ ਕੰਨਾਂ 'ਤੇ, ਦੋ-ਦੋ ਲਗਾਈਆਂ?'
ਨਿੱਕੀਆਂ-ਨਿੱਕੀਆਂ ਕਣੀਆਂ ਆਈਆਂ।



ਮਨਜੀਤ ਸਿੰਘ ਬੱਧਣ 7635053)

# ਦੁਨੀਆਂ ਤੋਂ ਤੁਰ ਜਾਣ ਵਾਲੀ ਬੇਟੀ ਗਗਨ ਦੇ ਨਾਮ

ਜਦੋਂ ਤੇਰੀ ਆਮਦ ਹੋਈ ਸੀ
ਮੈਂ ਖੁਸ਼ਬੂ ਖੁਸ਼ਬੂ ਹੋਈ ਸੀ
ਪਤੀ ਸੀ ਜੋ ਉਹ ਪਿਤਾ ਬਣਿਆ
ਮੈਂ ਮਾਂ ਸੰਪੂਰਨ ਹੋਈ ਸੀ
ਤੇਰਾ ਚਿਹਰਾ ਜਦੋਂ ਮੈਂ ਤੱਕਿਆ
ਮੇਰੀ ਅਜੀਬ ਅਵਸਥਾ ਹੋਈ ਸੀ
ਖੁਸ਼ੀ ਚ ਆ ਇੱਕ ਅੱਖ ਹੱਸੀ
ਪਰ ਦੂਜੀ ਅੱਖ ਮੇਰੀ ਰੋਈ ਸੀ
ਧੀ ਹੁੰਦੀ ਕੌੜੀ ਵੇਲ ਜਿਹੀ
ਤੂੰ ਦਿਨਾਂ ਚ ਵੱਡੀ ਹੋਈ ਸੀ
ਧੀ ਹੁੰਦੀ ਬੇਗਾਨਾ ਧਨ ਲੋਕੋ
ਤੂੰ ਵਿਆਹੁਣ ਜੋਗੀ ਹੋਈ ਸੀ
ਜਿਸ ਦਿਨ ਤੂੰ ਡੋਲੀ ਬੈਠੀ ਸੀ
ਮੈਂ ਹੁਬਕੀ ਹੁਬਕੀ ਰੋਈ ਸੀ
ਤੇਰਾ ਸੋਹਣਾ ਪਤੀ ਪਰਿਵਾਰ ਸਾਰਾ
ਤੱਕ ਮੈਨੂੰ ਖੁਸ਼ੀ ਵੀ ਹੋਈ ਸੀ
ਅੱਜ ਚਿਹਰੇ ਤੇ ਹਾਸਾ ਫਿੱਕਾ ਜਿਹਾ
ਕੁਰਬੁਲ ਕੁਰਬਲ ਹੋਈ ਸੀ
ਤੂੰ ਕਾਹਤੋਂ ਸਾਥੋਂ ਵਿਛੜ ਗਈ
ਜਿੰਦ ਬੋਟੀ ਬੋਟੀ ਹੋਈ ਸੀ
ਤੂੰ ਗੁਰ ਚਰਨਾਂ 'ਚ ਸੁਖੀ ਵਸੇ
ਕਿਰਨ ਕਰਦੀ ਸਦਾ ਅਰਜੋਈ ਸੀ



ਕੁਲਵਿੰਦਰ (ਕਿਰਨ) ਲੁਧਿਆਣਾ



# ਰੋਟਰੀ ਕਲੱਬ ਬੰਗਾ ਗਰੀਨ ਵੱਲੋਂ ਗੁਰੂ ਕੀ ਰਸੋਈ ਨਵਾਂਸ਼ਹਿਰ ਲਈ 35000 ਰੁਪਏ ਦਾ ਕਰਿਆਨਾ ਲੈਕੇ ਦਿੱਤਾ

**ਬੰਗਾ ( ਚਰਨਜੀਤ ਸੱਲ੍ਹਾਂ )** ਰੋਟਰੀ ਕਲੱਬ ਬੰਗਾ ਗਰੀਨ ਦੇ ਪ੍ਰਧਾਨ ਦਿਲਬਾਗ ਸਿੰਘ ਬਾਗੀ ਜੀ ਨੇ ਇਨਸਾਨੀਅਤ ਦੀ ਸੇਵਾ ਕਰਨ ਲਈ ਅਤੇ ਹਰੇਕ ਲੋੜਵੰਦ, ਬੇਸਹਾਰਾ ਬੱਚੇ ਤੋਂ ਲੈਕੇ ਬਜ਼ੁਰਗ ਤੱਕ ਨੂੰ ਰੋਟੀ,ਕੱਪੜਾ ਅਤੇ ਦੁਵਾਈ ਪਹੁੰਚਾਉਣ ਦਾ ਕੰਮ ਇਿਹਨਾਂ ਦੀ ਸੰਸਥਾ ਸੇਵਾ ਕਰ ਰਹੀ ਹੈ ਜਿਨ੍ਹਾਂ ਨੇ ਕਿ ਰੋਟਰੀ ਕਲੱਬ ਬੰਗਾ ਗਰੀਨ ਨੇ 35000 ਰੁਪਏ ਦਾ ਕਰਿਆਨਾ ਲੈਕੇ ਗੁਰੂ ਕੀ ਰਸੋਈ ਨਵਾਂਸ਼ਹਿਰ ਨੂੰ ਦੇ ਕੇ ਅਨਪੂਰਨਾ ਦਿਵਸ ਮਨਾਇਆ ਗਿਆ। ਇਸ ਮੌਕੇ ਰੋਟੇ ਫਾਈਨਾਂਸ ਸੈਕਟਰੀ ਹਰਪ੍ਰੀਤ ਸਿੰਘ ਸੈਣੀ,ਰੋਟੇ ਡਾ ਧਰਮਜੀਤ ਸਿੰਘ ਮੀਤ ਚਾਂਸਲਰ ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ,ਰੋਟੇ ਜੀਵਨ ਦਾਸ ਕੌਂਸਲ,ਰੋਟੇ ਗੁਰਬਖਸ਼ ਰਾਮ ਐਸ ਡੀ ਓ ਸਬ ਅਰਬਨ ਪੰਜਾਬ




ਸਟੇਟ ਇਲੈਕਸੀਟੀ ਬੋਰਡ ਬੰਗਾ,ਰੋਟੇ ਦਵਿੰਦਰ ਕੁਮਾਰ,ਰੋਟੇ ਡਾ ਪਰਮਜੀਤ ਸਿੰਘ ਰੱਤੂ ਹੈਂਡ ਹੋਰਟੀਕਲਚਰ ਨਵਾਂਸ਼ਹਿਰ,ਰੋਟੇ ਬਲਵਿੰਦਰ ਸਿੰਘ ਪਾਂਧੀ,ਰੋਟੇ ਰਣਜੀਤ ਸਿੰਘ ਕਡੋਲਾ,ਰੋਟੇ ਰਣਬੀਰ ਸਿੰਘ ਰਾਣਾ ਸੈਕਟਰੀ,ਬ੍ਰਿਜ਼ ਭੂਸ਼ਨ ਵਾਲੀਆਂ, ਮਨਜਿੰਦਰ ਸਿੰਘ, ਜਸਪਾਲ ਸਿੰਘ ਸੈਣੀ, ਮੁੱਖ ਸੇਵਾਦਾਰ ਅਮਰੀਕ ਸਿੰਘ,ਰੋਟੇ ਹਰਮਨਪ੍ਰੀਤ ਸਿੰਘ ਰਾਣਾ, ਸੁਖਵਿੰਦਰ ਸਿੰਘ ਧਾਮੀ, ਅਤੇ ਰੋਟੇ ਗੁਰਚਰਨ ਸਿੰਘ ਅਰੋੜਾ ਏ ਪਲੱਸ ਨਵਾਂਸ਼ਹਿਰ ਹਾਜ਼ਰ ਸਨ।

## ਭਗਵਾਨ ਸਿੰਘ ਚੌਹਾਨ ਦੀ ਖ਼ਬਰ ਲੈਣ ਲਈ ਸਰਦਾਰ ਅਵਤਾਰ ਸਿੰਘ ਕਰੀਮਪੁਰੀ ਹਸਪਤਾਲ ਪਹੁੰਚੇ









**ਨਵਾਂਸ਼ਹਿਰ (ਚਰਨਜੀਤ ਸੱਲ੍ਹਾਂ)** "ਗੁੜਗਾਵਾਂ ਵਿਖੇ ਮੇਦਾਂਤਾ ਹਸਪਤਾਲ ਪਹੁੰਚ ਕੇ ਪਾਰਟੀ ਦੇ ਸਟੇਟ ਜਨਰਲ ਸੈਕਟਰੀ ਸ੍ਰੀ ਭਗਵਾਨ ਸਿੰਘ ਚੌਹਾਨ ਜੀ ਦੀ ਸਿਹਤ ਦਾ ਹਾਲ ਜਾਣਿਆ ਅਤੇ ਪਰਿਵਾਰ ਨਾਲ ਮੁਲਾਕਾਤ ਕੀਤੀ ਬਹੁਜਨ ਸਮਾਜ ਪਾਰਟੀ ਦਾ ਪੰਜਾਬ ਯੂਨਿਟ ਸਮੁੱਚੇ ਤੌਰ ਤੇ ਸ੍ਰੀ ਭਗਵਾਨ ਸਿੰਘ ਚੌਹਾਨ ਅਤੇ ਉਹਨਾਂ ਦੇ ਪਰਿਵਾਰ ਦੇ ਨਾਲ ਪੂਰਨ ਤੌਰ ਤੇ ਡੱਟ ਕੇ ਖੜ੍ਹਾ ਹੈ, ਹਸਪਤਾਲ ਵਿੱਚ ਚੌਹਾਨ ਜੀ ਨਾਲ ਮੁਲਾਕਾਤ ਤੋਂ ਬਾਅਦ ਉਹਨਾਂ ਦੀ ਸਿਹਤਯਾਬੀ ਲਈ ਦੁਆ ਕੀਤੀ,ਉਹਨਾਂ ਦੇ ਸਫਲ ਅਪਰੇਸ਼ਨ ਤੋਂ ਬਾਅਦ ਅਸੀਂ ਜਲਦੀ ਉਹਨਾਂ ਦੇ ਸਿਹਤਯਾਬ ਹੋ ਕੇ ਆਪਣੀਆਂ ਸੇਵਾਵਾਂ ਸਮਾਜ ਨੂੰ ਦੇਣ ਲਈ ਕਾਮਨਾ ਕਰਦੇ ਹਾਂ...ਡਾਕਟਰ ਅਵਤਾਰ ਸਿੰਘ ਕਰੀਮਪੁਰੀ ਜੀ "ਇਸ ਮੌਕੇ ਤੇ ਉਨ੍ਹਾਂ ਦੇ ਨਾਲ ਚੌਧਰੀ ਗੁਰਨਾਮ ਸਿੰਘ ਕੋਆਰਡੀਨੇਟਰ ਪੰਜਾਬ, ਭਗਵਾਨ ਸਿੰਘ ਜਨਰਲ ਸਕੱਤਰ ਬਸਪਾ ਪੰਜਾਬ ਅਤੇ ਹੋਰ ਬਹੁਤ ਜਾਣੇ ਉਹਨਾ ਦੀ ਖ਼ਬਰ ਲੈਣ ਗਏ।

## ਪੈਨਸ਼ਨਰ ਐਸੋਸੀਏਸ਼ਨ ਸ਼ਹੀਦ ਭਗਤ ਸਿੰਘ ਨਗਰ ਦੀ ਮਹੀਨਾਵਾਰ ਮੀਟਿੰਗ ਹੋਈ

**ਨਵਾਂਸ਼ਹਿਰ, ( ਚਰਨਜੀਤ ਸੱਲ੍ਹਾਂ )** ਅੱਜ ਪੈਨਸ਼ਨਰ ਐਸੋਸੀਏਸ਼ਨ ਸ਼ਹੀਦ ਭਗਤ ਸਿੰਘ ਨਗਰ ਦੀ ਮਹੀਨਾਵਾਰ ਮੀਟਿੰਗ ਜਿਲ੍ਹਾ ਪ੍ਰਧਾਨ ਸ੍ਰੀ ਸੋਮ ਲਾਲ ਜੀ ਦੀ ਪ੍ਰਧਾਨਗੀ ਹੇਠ ਹੋਈ। ਇਸ ਮੀਟਿੰਗ ਨੂੰ ਸੰਬੋਧਨ ਕਰਦਿਆ ਕੁਲਦੀਪ ਸਿੰਘ ਦੌੜਕਾ ਨੇ ਦੱਸਿਆ ਕਿ ਜੋ ਮੁਲਾਜ਼ਮ ਅਤੇ ਪੈਨਸ਼ਨਰ ਯੂਨੀਅਨ ਨੇ ਸਾਂਝੇ ਫਰੰਟ ਪੰਜਾਬ ਦੇ ਸੱਦੇ 'ਤੇ ਲੁਧਿਆਣੇ ਦੀ ਜਿਮਨੀ ਚੋਣ ਵੇਲੇ ਰੈਲੀ ਅਤੇ ਲੁਧਿਆਣਾ ਪੱਛਮੀ ਹਲਕੇ ਵਿੱਚ ਝੰਡਾ ਮਾਰਚ ਕਰਕੇ ਭਗਵੰਤ ਸਿੰਘ ਮਾਨ ਸਰਕਾਰ ਦੀਆਂ ਨੀਤੀਆਂ ਦਾ ਪਰਦਾਫਾਸ਼ ਕੀਤਾ ਹੈ। ਆਮ ਆਦਮੀ ਪਾਰਟੀ ਦੀ ਸਰਕਾਰ ਇੱਕ ਪਾਸੇ ਕਹਿ ਰਹੀ ਹੈ ਕਿ ਸਾਡੇ ਕੋਲ ਖਜਾਨਾ ਭਰਿਆ ਹੋਇਆ ਹੈ, ਦੂਜੇ ਪਾਸੇ 8500 ਕਰੋੜ ਰੁਪਏ ਦਾ ਕਰਜ਼ਾ ਲੈ ਰਹੀ ਹੈ। ਜੇਕਰ ਖਜ਼ਾਨਾ ਭਰਿਆ ਹੋਇਆ ਹੈ ਤਾਂ ਮੁਲਾਜ਼ਮਾਂ ਦੇ ਤਨਖਾਹ ਦੇ ਬਿੱਲ ਖਜ਼ਾਨਾ ਅਫ਼ਸਰ ਪਾਸ ਨਹੀਂ ਕਰਦੇ ਅਤੇ ਮੁਲਾਜ਼ਮਾਂ ਅਤੇ ਪੈਨਸ਼ਨਰਜ ਦੇ ਮੈਡੀਕਲ ਬਿੱਲਾਂ ਦੀ ਵੀ ਅਦਾਇਗੀ ਨਹੀਂ ਕੀਤੀ ਜਾ ਰਹੀ। ਇਸ ਤੋਂ ਸਾਫ਼ ਹੈ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਝੂਠ ਬੋਲ ਰਹੇ



ਹਨ। ਜੇਕਰ ਖਜ਼ਾਨਾ ਭਰਿਆ ਹੋਇਆ ਹੈ ਤਾਂ ਇਹ ਪਾਸ ਹੋਏ ਬਿੱਲਾਂ ਦੀ ਹੁਣ ਤੱਕ ਅਦਾਇਗੀ ਹੋ ਜਾਣੀ ਚਾਹੀਦੀ ਸੀ । ਕਰਨੈਲ ਸਿੰਘ ਰਾਹੋਂ ਨੇ ਸੰਬੋਧਨ ਕਰਦਿਆ ਹੋਇਆ ਦੱਸਿਆ ਕਿ ਇਹ ਸਰਕਾਰ ਹੋਰ ਸਰਕਾਰਾਂ ਨਾਲੋਂ ਵੀ ਨਖਿੱਧ ਸਰਕਾਰ ਸਾਬਤ ਹੋਈ ਹੈ ਲ ਜਿਸ ਨੇ ਚਾਰ ਸਾਲ ਬੀਤਣ ਬਾਅਦ ਵੀ ਆਪਣੇ ਵਾਅਦੇ ਪੂਰੇ ਨਹੀਂ ਕੀਤੇ। ਆਪਣੇ ਚੋਣ ਮਨੋਰਥ ਪੱਤਰ ਵਿੱਚ ਮੁਲਾਜ਼ਮਾਂ ਅਤੇ ਪੈਨਸ਼ਨਰਜ ਦੀਆਂ ਸਾਰੀਆਂ ਮੰਗਾ ਪੂਰੀਆਂ ਕਰਨ ਦਾ ਵਾਅਦਾ ਕੀਤਾ ਗਿਆ ਪਰ ਅਜੇ ਤੱਕ ਨਾ ਤਾਂ ਕੱਚੇ ਮੁਲਾਜ਼ਮ ਪੱਕੇ ਕੀਤੇ ਅਤੇ ਨਾ ਹੀ ਪੇਅ ਕਮਿਸ਼ਨ ਦੀਆਂ ਸਿਫਾਰਸ਼ਾਂ ਲਾਗੂ ਕੀਤੀਆਂ। ਪੇਅ ਕਮਿਸ਼ਨ ਦੀ 2,59 ਦਾ ਵਾਧਾ ਕਰਨ ਦੀ ਸਿਫਾਰਸ਼ ਲਾਗੂ ਨਹੀਂ ਕੀਤੀ। ਇਸ ਲਈ ਪੈਨਸ਼ਨਰ ਐਸੋਸੀਏਸ਼ਨ ਸ਼ਹੀਦ ਭਗਤ ਸਿੰਘ ਨਗਰ ਸਾਂਝੇ ਫਰੰਟ ਪੰਜਾਬ ਨਾਲ ਰਲ ਕੇ ਪੈਨਸ਼ਨਰਜ ਦੇ ਮਸਲਿਆਂ ਲਈ ਸੰਘਰਸ਼ ਕਰਨ ਲਈ ਮਜ਼ਬੂਰ ਹੈ। ਇਸ ਮੀਟਿੰਗ ਵਿੱਚ ਸ: ਕੁਲਵਰਨ ਸਿੰਘ ਜਨਰਲ ਸਕੱਤਰ ਪੈਨਸ਼ਨਰਜ ਵੈਲਫੇਅਰ ਐਸੋਸੀਏਸ਼ਨ ਪੰਜਾਬ ਨੇ ਵੀ ਆਪਣੇ ਵਿਚਾਰ ਪੇਸ਼ ਕਰਦਿਆ ਹੋਇਆ ਪੈਨਸ਼ਨਰਜ ਦੀਆਂ ਮੁਸ਼ਕਿਲਾਂ ਵਾਰੇ ਵਿਸਥਾਰ ਪੂਰਵਕ ਦੱਸਿਆ ਅਤੇ ਉਨ੍ਹਾਂ ਮੁਸ਼ਕਿਲਾਂ ਦਾ ਹੱਲ ਵੀ ਦੱਸਿਆ। ਉਨ੍ਹਾਂ ਨੇ ਦੱਸਿਆ ਕਿ ਪੈਨਸ਼ਨਰਜ ਦੀਆਂ ਮੰਗਾਂ ਮਨਵਾਉਣ ਲਈ ਸੰਘਰਸ਼ ਹੀ ਇੱਕੋ ਇੱਕ ਰਾਹ ਹੈ ਲਜਿਸ 'ਤੇ ਚੱਲ ਕੇ ਆਪਣੀਆਂ ਮੰਗਾਂ ਮਨਾਈਆ ਜਾ ਸਕਦੀਆਂ ਹਨ। ਇਸ ਲਈ ਸਾਂਝੇ ਫਰੰਟ ਪੰਜਾਬ ਨਾਲ ਮਿਲ ਕੇ ਜੋਰਦਾਰ ਸੰਘਰਸ਼ ਕਰਨੇ ਪੈਣਗੇ ਜਿਸ ਦੀ ਤਿਆਰੀ ਹੁਣ ਤੋਂ ਹੀ ਕਰਨੀ ਪਵੇਗੀ। ਉਨ੍ਹਾਂ ਨੇ ਪੈਨਸ਼ਨਰਜ ਦੇ ਸਵਾਲਾਂ ਦੇ ਜੁਆਬ ਵਿਸਥਾਰ ਵਿੱਚ ਦਿੱਤੇ। ਸੋਮ ਲਾਲ ਪ੍ਰਧਾਨ ਪੈਨਸ਼ਨਰ ਐਸੋਸੀਏਸ਼ਨ ਸ਼ਹੀਦ ਭਗਤ ਸਿੰਘ ਨਗਰ ਨੇ ਆਏ ਹੋਏ ਸਾਥੀ ਸ: ਕੁਲਵਰਨ ਸਿੰਘ ਦਾ ਇਸ ਮੀਟਿੰਗ ਵਿੱਚ ਸ਼ਾਮਲ ਹੋਣ ਲਈ ਵਿਸੇਸ਼ ਤੌਰ ਤੇ ਧੰਨਵਾਦ ਕੀਤਾ ਅਤੇ ਪੈਨਸ਼ਨਰ ਸਾਥੀਆਂ ਨੂੰ ਆਉਂਣ ਵਾਲੇ ਸੰਘਰਸ਼ਾਂ ਵਿੱਚ ਵੱਧ ਚੜ੍ਹ ਕੇ ਭਾਗ ਲੈਣ ਦੀ ਅਪੀਲ ਕੀਤੀ। ਸਟੇਜ ਸਕੱਤਰ ਦੀ ਕਾਰਵਾਈ ਜੀਤ ਲਾਲ ਜਨਰਲ ਸਕੱਤਰ ਨੇ ਬਾਖੂਬੀ ਨਿਭਾਈ। ਇਸ ਸਮੇਂ ਪ੍ਰਧਾਨ ਸੋਮ ਲਾਲ ਪ੍ਰਧਾਨ ਥੋਪੀਆ, ਜੀਤ ਲਾਲ ਗੋਹਲੜੋਂ ਜਨਰਲ ਸਕੱਤਰ, ਕਰਨੈਲ ਸਿੰਘ ਰਾਹੋਂ, ਦੇਸ ਰਾਜ ਬੱਜੋਂ, ਕੂਲਦੀਪ ਸਿੰਘ ਦੌੜਕਾ,ਜਸਵੀਰ ਸਿੰਘ ਮੰਗੂਵਾਲ, ਕੇਵਲ ਰਾਮ, ਸੁਰਜੀਤ ਰਾਮ, ਰੇਸ਼ਮ ਲਾਲ, ਸਰੂਪ ਲਾਲ, ਹਰਦਿਆਲ ਸਿੰਘ,ਦੀਦਾਰ ਸਿੰਘ, ਰਜਿੰਦਰ ਸਿੰਘ, ਅਵਤਾਰ ਸਿੰਘ, ਅਸ਼ੋਕ ਕੁਮਾਰ ਵਿੱਤ ਸਕੱਤਰ, ਜਸਵੀਰ ਸਿੰਘ ਮੋਰੋਂ,ਬਲਵੀਰ ਸਿੰਘ, ਹਰਮੇਸ਼ ਲਾਲ, ਸੋਹਣ ਸਿੰਘ, ਗੁਰਦਿਆਲ ਸਿੰਘ, ਹਰੀ ਬਿਲਾਸ, ਤੇਜਾ ਸਿੰਘ, ਹਰਬੰਸ ਸਿੰਘ, ਪਰਮਜੀਤ ਸਿੰਘ, ਰਾਮ ਲਾਲ, ਚੂਹੜ ਸਿੰਘ, ਅਵਤਾਰ ਸਿੰਘ, ਸੁਰਿੰਦਰ ਪਾਲ, ਆਤਮਾ ਰਾਮ ਅਤੇ ਹੋਰ ਪੈਨਸ਼ਨਰਜ ਸਾਥੀ ਹਾਜ਼ਰ ਹੋਏ।

# ਹੁਸ਼ਿਆਰਪੁਰ ਦੇ ਸਕੂਲਾਂ ਦੀਆਂ ਬਾਊਂਡਰੀ ਵਾਲ ਲਈ 5.64 ਕਰੋੜ ਰੁਪਏ ਦੀ ਰਕਮ ਮਨਜ਼ੂਰ

**ਹੁਸ਼ਿਆਰਪੁਰ, ( ਤਰਸੇਮ ਦੀਵਾਨਾ )** — ਲੋਕ ਸਭਾ ਖੇਤਰ ਹੋਸ਼ਿਆਰਪੁਰ ਵਿੱਚ ਵਿਕਾਸ ਕਾਰਜਾਂ ਨੂੰ ਨਵੀਂ ਰਫ਼ਤਾਰ ਦਿੰਦਿਆਂ, ਖੇਤਰ ਵਿੱਚ ਸਿੱਖਿਆ ਦੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਵੱਲ ਇੱਕ ਮਹੱਤਵਪੂਰਣ ਕਦਮ ਚੁੱਕਿਆ ਗਿਆ ਹੈ। ਲੋਕ ਸਭਾ ਮੈਂਬਰ ਡਾ. ਰਾਜਕੁਮਾਰ ਚੱਬੇਵਾਲ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਜ਼ਿਲ੍ਹਾ ਹੁਸ਼ਿਆਰਪੁਰ ਦੇ 100 ਸਰਕਾਰੀ ਸਕੂਲਾਂ ਦੀਆਂ ਬਾਊਂਡਰੀ ਵਾਲ ਬਣਾਉਣ ਲਈ 5 ਕਰੋੜ 64 ਲੱਖ ਰੁਪਏ ਦੀ ਰਕਮ ਮਨਜ਼ੂਰ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਇਸ ਰਕਮ ਰਾਹੀਂ ਸਕੂਲਾਂ ਦੀ ਸੁਰੱਖਿਆ ਅਤੇ ਬੱਚਿਆਂ ਲਈ ਅਨੁਕੂਲ ਵਾਤਾਵਰਣ ਯਕੀਨੀ ਬਣਾਇਆ ਜਾਵੇਗਾ। ਇਹ ਰਕਮ ਖਾਸ ਕਰਕੇ ਉਹਨਾਂ ਸਕੂਲਾਂ 'ਤੇ ਖਰਚੀ ਜਾਵੇਗੀ ਜਿੱਥੇ ਬਾਊਂਡਰੀ ਵਾਲ ਨਹੀਂ ਹੈ ਜਾਂ ਉਨ੍ਹਾਂ ਦੀ ਹਾਲਤ ਬਹੁਤ ਖਰਾਬ ਹੋ ਚੁੱਕੀ ਹੈ। ਉਨ੍ਹਾਂ ਕਿਹਾ ਕਿ ਸਿੱਖਿਆ ਖੇਤਰ



ਵਿੱਚ ਇਹ ਨਿਵੇਸ਼ ਸਕੂਲੀ ਇਮਾਰਤਾਂ ਅਤੇ ਉਪਕਰਨਾਂ ਦੀ ਰੱਖਿਆ ਵਿੱਚ ਅਹਿਮ ਭੂਮਿਕਾ ਨਿਭਾਏਗਾ। ਡਾ. ਰਾਜ ਨੇ ਕਿਹਾ ਕਿ ਪੰਜਾਬ ਸਰਕਾਰ ਸਿੱਖਿਆ ਖੇਤਰ ਵਿੱਚ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਲਈ ਲਗਾਤਾਰ ਕੋਸ਼ਿਸ਼ਾਂ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਦੀ ਅਗਵਾਈ ਹੇਠ ਸਰਕਾਰੀ ਸਕੂਲਾਂ ਦੀ ਹਾਲਤ ਵਿੱਚ ਮਹੱਤਵਪੂਰਣ ਸੁਧਾਰ ਆ ਰਿਹਾ ਹੈ ਅਤੇ ਸੂਬੇ ਵਿੱਚ ਸਿੱਖਿਆ ਦੀ ਗੁਣਵੱਤਾ ਨੂੰ ਲੈ ਕੇ ਗੰਭੀਰਤਾ ਦਿਖਾਈ ਦੇ ਰਹੀ ਹੈ।ਇਸੇ ਲੜੀ ਵਿੱਚ, ਚੱਬੇਵਾਲ ਦੇ



ਵਿਧਾਇਕ ਡਾ. ਈਸ਼ਾਂਕ ਨੇ ਦੱਸਿਆ ਕਿ ਖਾਸ ਕਰਕੇ ਚੱਬੇਵਾਲ ਵਿਧਾਨ ਸਭਾ ਖੇਤਰ ਦੇ ਸਕੂਲਾਂ ਲਈ 82.80 ਲੱਖ ਰੁਪਏ ਦੀ ਰਕਮ ਮਨਜ਼ੂਰ ਕੀਤੀ ਗਈ ਹੈ। ਇਹ ਐਲਾਨ ਨਾ ਸਿਰਫ਼ ਖੇਤਰ ਦੇ ਸਕੂਲਾਂ ਲਈ ਇੱਕ ਖੁਸ਼ਖਬਰੀ ਹੈ, ਸਗੋਂ ਇਹ ਵੀ ਦਰਸਾਉਂਦਾ ਹੈ ਕਿ ਵਿਧਾਇਕ ਡਾ. ਈਸ਼ਾਂਕ ਖੇਤਰ ਦੇ ਹਰ ਹਿੱਸੇ ਵਿੱਚ ਵਿਕਾਸ ਲਈ ਵਚਨਬੱਧ ਹਨ ਅਤੇ ਇਸ ਲਈ ਜ਼ਰੂਰੀ ਰਕਮ ਲਈ ਸਰਕਾਰ ਤੋਂ ਗ੍ਰਾਂਟ ਜਾਰੀ ਕਰਵਾ ਰਹੇ ਹਨ।

**ਫੋਟੋ ਅਜਮੇਰ ਦੀਵਾਨਾ**

## ਨੈਸ਼ਨਲ ਲੈਵਲ ਦੀ ਸੱਚਦੇਵਾ ਸਟੋਕਸ ਡਾਇਮੰਡ ਆਫ਼ ਨੌਲੇਜ ਸੀਜ਼ਨ-4 ਦੀ ਰਜਿਸਟ੍ਰੇਸ਼ਨ ਦੀ ਕੀਤੀ ਸ਼ੁਰੂਆਤ

**ਹੁਸ਼ਿਆਰਪੁਰ ( ਤਰਸੇਮ ਦੀਵਾਨਾ )** ਬਲ ਬਲ ਸੇਵਾ ਸੁਸਾਇਟੀ ਵੱਲੋਂ ਕਰਵਾਈ ਜਾ ਰਹੀ ਨੈਸ਼ਨਲ ਲੈਵਲ ਦੀ ਸੱਚਦੇਵਾ ਸਟੋਕਸ ਡਾਇਮੰਡ ਆਫ਼ ਨੌਲੇਜ ਸੀਜ਼ਨ-4 ਦੀ ਰਜਿਸਟ੍ਰੇਸ਼ਨ ਦੀ ਸ਼ੁਰੂਆਤ ਅੱਜ ਡੀ.ਸੀ. ਹੁਸ਼ਿਆਰਪੁਰ ਆਸ਼ਿਕਾ ਜੈਨ ਜੀ ਵਲੋਂ ਕੀਤੀ ਗਈ। ਉਨ੍ਹਾਂ ਵਲੋਂ ਰੋਲ ਨੰਬਰ 1 ਜਲੰਧਰ ਤੋਂ ਪ੍ਰਤੀਯੋਗੀ ਨੈਣਾਂ ਭਾਟੀਆ ਨੂੰ ਭੇਜਿਆ ਗਿਆ। ਇਸ ਮੌਕੇ ਉਨ੍ਹਾਂ ਨਾਲ ਜਿਲ੍ਹਾ ਸਿੱਖਿਆ ਅਫ਼ਸਰ ਲਲਿਤਾ ਅਰੋੜਾ ਵੀ ਮੌਜੂਦ ਰਹੇ। ਇਸਦੇ ਨਾਲ ਹੀ ਡੀ.ਸੀ. ਆਸ਼ਿਕਾ ਜੈਨ ਜੀ ਵਲੋਂ ਸੁਸਾਇਟੀ ਦੀ ਹੌਂਸਲਾ ਅਫਜ਼ਾਈ ਕੀਤੀ ਗਈ ਅਤੇ ਕਿਹਾ ਕਿ ਬਹੁਤ ਜਰੂਰਤ ਹੈ



ਇਸ ਤਰ੍ਹਾਂ ਦੇ ਉਪਰਾਲਿਆਂ ਦੀ ਜੋ ਬੱਚਿਆਂ ਨੂੰ ਕੁਦਰਤ , ਸੱਭਿਆਚਾਰ ਅਤੇ ਗਿਆਨ ਦੇ ਭੰਡਾਰ ਨਾਲ ਜੋੜੇਗੀ ਅਤੇ ਨਾਲ ਹੀ ਸਕੂਲਾਂ ਨੂੰ ਪੱਤਰ ਜਾਰੀ ਕਰਵਾਇਆ ਗਿਆ ਕਿ ਵੱਧ ਤੋਂ ਵੱਧ ਸਕੂਲ ਇਸ ਰਾਸ਼ਟਰੀ ਪੱਧਰ ਦੀ ਪ੍ਰਤੀਯੋਗਿਤਾ ਵਿੱਚ ਹਿੱਸਾ ਲੈਣ । ਇਸ ਪ੍ਰਤੀਯੋਗਿਤਾ ਵਿੱਚ ਸਭ ਤੋਂ ਜਿਆਦਾ ਪ੍ਰਤੀਯੋਗੀ ਰਜਿਸਟਰ ਕਰਵਾਉਣ ਵਾਲੇ ਚੋਟੀ ਦੇ 5 ਸਕੂਲ ਸੁਸਾਇਟੀ ਵਲੋਂ ਨਾਮਜ਼ਦ ਕੀਤੇ ਜਾਣਗੇ ਅਤੇ ਉਨ੍ਹਾਂ ਨੂੰ ਸਨਮਾਨਿਤ ਕੀਤਾ ਜਾਵੇਗਾ। ਉਹਨਾਂ ਦੱਸਿਆ ਕਿ ਇਸਦਾ ਗੂਗਲ ਫਾਰਮ ਵੀ ਹੈ, ਤੁਸੀਂ ਆਨਲਾਈਨ ਫਾਰਮ ਭਰਨ ਲਈ 9530527559 ਤੇ ਸੰਪਰਕ ਕਰ ਸਕਦੇ ਹੋ। ਇਸ ਮੌਕੇ ਸੁਸਾਇਟੀ ਪ੍ਰਧਾਨ ਹਰਕ੍ਰਿਸ਼ਨ, ਚੇਅਰਪਰਸਨ ਰੋਜ਼ੀ ਸ਼ਰਮਾ, ਜਨਰਲ ਸਕੱਤਰ ਭੁਪਿੰਦਰ ਕੌਰ ਅਤੇ ਅਕਾਊਂਟ ਪ੍ਰਧਾਨ ਮੋਹਨ ਵਲੋਂ ਹਾਜ਼ਰੀ ਲਗਵਾਈ ਗਈ।

## ਪੱਛੜੀਆਂ ਸ੍ਰੇਣੀਆਂ ਦੇ ਕਰਜ਼ੇ ਵੀ ਕੀਤੇ ਜਾਣ ਮਾਫ਼-ਤੀਰਥ ਰਾਜਪੁਰਾ

**ਫਿਲੌਰ/ਅੱਪਰਾ (ਦੀਪਾ)-** ਅੱਜ ਅੱਪਰਾ ਵਿਖੇ ਗੱਲਬਾਤ ਕਰਦਿਆਂ ਬਹੁਜਨ ਸਮਾਜ ਪਾਰਟੀ ਪੰਜਾਬ ਦੇ ਸਟੇਟ ਕੋਆਰਡੀਨੇਟਰ ਤੀਰਥ ਰਾਜਪੁਰਾ ਨੇ ਕਿਹਾ ਕਿ ਜਿੱਥੇ ਸਰਕਾਰ ਹਰ ਵਰਗ ਦੇ ਕਰਜ਼ੇ ਮਾਫ਼ ਕਰ ਰਹੀ ਹੈ, ਜਿਨਾਂ 'ਚ ਸਮਾਜ ਦੇ ਸਾਰੇ ਵਰਗ ਆਉਂਦੇ ਹਨ, ਸਰਕਾਰ ਨੂੰ ਚਾਹੀਦਾ ਹੈ ਕਿ ਪੱਛੜੀਆਂ ਸ੍ਰੇਣੀਆਂ (ਬੀ. ਸੀ) ਵਰਗ ਦੇ ਕਰਜੇ ਵੀ ਮਾਫ ਕੀਤੇਜਾਣ ਙ ਸ੍ਰੀ ਤੀਰਥ ਰਾਜਪੁਰਾ ਸਟੇਟ ਕੋਆਰਡੀਨੇਟਰ ਬਹੁਜਨ ਸਮਾਜ ਪਾਰਟੀ ਪੰਜਾਬ ਨੇ ਅੱਗੇ ਗੱਲਬਾਤ ਕਰਦਿਆਂ ਕਿਹਾ ਕਿ ਸਮੇਂ ਦੀਆਂ ਸਰਕਾਰਾਂ ਨੇ ਬੀ. ਸੀ ਵਰਗ ਨਾਲ ਹਮੇਸ਼ਾਂ ਹੀ ਵਾਅਦਾ ਕਰਕੇ ਉਸਨੂੰ ਕਦੇ ਵੀ ਇਨਸਾਫ਼ ਨਹੀਂ ਦਿੱਤਾ ਹੈ ਙ



ਇਸ ਲਈ ਬਹੁਜਨ ਸਮਾਜ ਪਾਰਟੀ ਵਲੋਂ ਪੁਰਜੋਰ ਮੰਗ ਹੈ ਕਿ ਪੱਛੜੀਆਂ ਸ੍ਰੇਣੀਆਂ (ਬੀ. ਸੀ) ਵਰਗ ਦੇ ਕਰਜੇ ਮਾਫ਼ ਕੀਤੇ ਜਾਣ ਤੇ ਸਮਾਜ 'ਚ ਉਨਤ ਹੋਣ ਲਈ ਵਧੀਆ ਸਾਧਨ ਮੁਹੱਈਆ ਕਰਵਾਏ ਜਾਣ ਙ ਸਟੇਟ ਕੋਆਰਡੀਨੇਟਰ ਬਹੁਜਨ ਸਮਾਜ ਪਾਰਟੀ ਦੇ ਸਟੇਟ ਕੋਆਰਡੀਨੇਟਰ ਤੀਰਥ ਸਿੰਘ ਰਾਜਪੁਰਾ ਨੇ ਕਿਹਾ ਕਿ ਸਮਾਂ ਆ ਗਿਆ ਹੈ ਕਿ ਇਸ ਦੇਸ਼ ਦੇ ਅੰਦਰ ਬਹੁਜਨ ਦਾ ਰਾਜ ਸਥਾਪਿਤ ਹੋਵੇ ਤਾਂ ਇਕ ਅਸੀਂ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਤੇ ਭੈਣ ਮਾਇਆਵਤੀ ਜੀ ਦੇ ਸੁਪਨਿਆ ਨੂੰ ਸਾਕਾਰ ਕਰ ਸਕੀਏ।

## ਅਕਾਲੀ ਦਲ ਹੀ ਪੰਜਾਬ ਦੀ ਆਪਣੀ ਪਾਰਟੀ, ਆਪ-ਕਾਂਗਰਸ ਸਿਰਫ ਲੁੱਟਣ ਵਾਲੇ-ਲਾਲੀ ਬਾਜਵਾ

**ਹੁਸ਼ਿਆਰਪੁਰ ( ਤਰਸੇਮ ਦੀਵਾਨਾ )** ਸ਼੍ਰੋਮਣੀ ਅਕਾਲੀ ਦਲ ਦੀ ਵਰਕਿੰਗ ਕਮੇਟੀ ਦੇ ਮੈਂਬਰ ਨਿਯੁਕਤ ਕੀਤੇ ਗਏ ਹਲਕਾ ਹੁਸ਼ਿਆਰਪੁਰ ਦੇ ਇੰਚਾਰਜ ਸ.ਜਤਿੰਦਰ ਸਿੰਘ ਲਾਲੀ ਬਾਜਵਾ ਵੱਲੋਂ ਜਿਲ੍ਹੇ ਦੇ ਅਕਾਲੀ ਆਗੂਆਂ ਤੇ ਵਰਕਰਾਂ ਦੀ ਇੱਕ ਮੀਟਿੰਗ ਬੁਲਾਈ ਗਈ ਜਿਸ ਵਿੱਚ ਪੰਜਾਬ ਦੇ ਤਾਜਾ ਹਾਲਾਤਾਂ ਉੱਪਰ ਚਰਚਾ ਕੀਤੀ ਗਈ। ਇਸ ਮੌਕੇ ਲਾਲੀ ਬਾਜਵਾ ਨੇ ਕਿਹਾ ਕਿ ਸੂਬੇ ਦੀ ਮੌਜੂਦਾ ਆਪ ਸਰਕਾਰ ਨੇ ਹੁਣ ਤੱਕ ਦੇ ਆਪਣੇ ਰਾਜ ਵਿੱਚ ਪੰਜਾਬ ਨੂੰ ਲੁੱਟਣ ਅਤੇ ਕਰਜਦਾਰ ਬਣਾਉਣ ਤੋਂ ਇਲਾਵਾ ਕੋਈ ਕੰਮ ਨਹੀਂ ਕੀਤਾ, ਉਨ੍ਹਾਂ ਕਿਹਾ ਕਿ ਇਸ ਪਾਰਟੀ ਦੇ ਆਗੂਆਂ ਨੇ ਜੋ ਸੁਪਨੇ 2022 ਵਿੱਚ ਪੰਜਾਬ ਵਾਸੀਆਂ ਨੂੰ ਦਿਖਾਏ ਸਨ ਉਹ ਸਭ ਹਵਾ ਹੋ ਚੁੱਕੇ ਹਨ। ਉਨ੍ਹਾਂ ਕਿਹਾ ਕਿ ਆਪ ਅਤੇ ਕਾਂਗਰਸ ਕਦੇ ਵੀ ਪੰਜਾਬ ਦਾ ਭਲਾ ਨਹੀਂ ਸੋਚ ਸਕਦੀਆਂ ਤੇ ਜੇਕਰ ਪੰਜਾਬ ਹਿਤੈਸ਼ੀ ਕੋਈ ਪਾਰਟੀ ਹੈ ਤਾਂ ਉਹ ਸ਼੍ਰੋਮਣੀ ਅਕਾਲੀ ਦਲ ਹੀ ਹੈ। ਲਾਲੀ



ਬਾਜਵਾ ਨੇ ਕਿਹਾ ਕਿ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਅਕਾਲੀ ਦਲ ਦੀ ਸਰਕਾਰ ਸਮੇਂ ਉੱਪ ਮੁੱਖ ਮੰਤਰੀ ਹੁੰਦਿਆ ਪੰਜਾਬ ਦਾ ਜੋ ਵਿਕਾਸ ਕਰਵਾਇਆ ਸੀ ਉਹ ਕਿਸੇ ਤੋਂ ਲੁਕਿਆ ਨਹੀਂ ਹੈ ਅਤੇ ਭਵਿੱਖ ਵਿੱਚ ਵੀ ਸੂਬੇ ਦਾ ਵਿਕਾਸ ਅਕਾਲੀ ਦਲ ਦੀ ਸਰਕਾਰ ਹੀ ਕਰਵਾ ਸਕਦੀ ਹੈ। ਉਨ੍ਹਾਂ ਕਿਹਾ ਕਿ ਵਿਰੋਧੀਆਂ ਵੱਲੋਂ ਕੂੜ ਪ੍ਰਚਾਰ ਕਰਕੇ ਅਕਾਲੀ ਦਲ ਦੇ ਆਗੂਆਂ ਨੂੰ ਬਦਨਾਮ ਕਰਨ ਦੀ ਜੋ ਸਾਜਿਸ਼ ਪਿਛਲੇ ਸਾਲਾਂ ਦੌਰਾਨ ਰਚੀ ਗਈ ਉਸ ਪ੍ਰਤੀ ਪੰਜਾਬ ਦੇ ਲੋਕ ਸਭ ਜਾਣ ਚੁੱਕੇ ਹਨ ਤੇ ਹੁਣ ਅਕਾਲੀ ਦਲ ਦੀ ਸਰਕਾਰ ਬਣਾਉਣ ਲਈ ਤਿਆਰ-ਬਰ-ਤਿਆਰ ਹਨ। ਇਸ ਮੌਕੇ ਹਰਪ੍ਰੀਤ ਸਿੰਘ ਰਿੰਕੂ ਬੇਦੀ, ਬਲਰਾਜ ਸਿੰਘ ਚੌਹਾਨ, ਬਰਿੰਦਰ ਪਰਮਾਰ, ਰਵਿੰਦਰਪਾਲ ਸਿੰਘ ਮਿੰਟੂ, ਕੁਲਦੀਪ ਸਿੰਘ ਬੱਬੂ ਬਜਵਾੜਾ, ਰਣਜੀਤ ਰਾਣਾ, ਐਡਵੋਕੇਟ ਸ਼ਮਸ਼ੇਰ ਸਿੰਘ ਭਾਰਦਵਾਜ, ਤੇਜੀ ਬਡਵਾਲ, ਦਵਿੰਦਰ ਸਿੰਘ ਬੈਂਸ. ਜਪਿੰਦਰ ਸਿੰਘ ਅਟਵਾਲ, ਸੁਖਵਿੰਦਰ ਸੁੱਖੀ, ਮਨਦੀਪ ਸਿੰਘ, ਐਡਵੋਕੇਟ ਸੂਰਜ ਸਿੰਘ , ਹਰਭਜਨ ਧਾਲੀਵਾਲ, ਹਰਵਿੰਦਰਪਾਲ ਡਿੰਗੜ, ਗੁਰਪ੍ਰੀਤ ਕੋਹਲੀ ਆਦਿ ਵੀ ਹਾਜਰ ਸਨ।

# ਹੋਮਿਓਪੈਥਿਕ ਹੈਲਥ ਕਲੀਨਿਕ (ਡਰਬੀ) ਰਜਿ:
# HOMOEOPATHIC HEALTH CLINIC (DERBY) REGD.

(FREE CONSULTATION)

GENERAL DISEASES: (Diabetes), (Asthma), (Arthritis), (Rheumatism), (Sciatica), (Indigestion), (Heart Burning), (Constipation), (Piles), (Haemorrhoids), (Flatulence), (Jaundice), (Hepatitis), (Hernia), (Blood Presure High or Low), (Obesity), (Migraine), (Hair Falling), (Alopecia), (Acne), (Pigmentation), (Bleeding Gums & Pyorrhoeas), (Tinnitis), (Vertigo), (Anaemia), (Neuralgia), (Depression).


MANJEET SINGH KHANBA
Award Winner 1999, 2001 & 2005
(2 Awards) BSYA

{ ਖੁਜਲੀ Eczema ਜਾਂ ਸੋਰਾਈਸਿਜ਼ Psoriasis, ਮਿਰਗੀ ਦੇ ਦੌਰੇ Epileptic Fits, ਨਿਰਉਤਸ਼ਾਹ, Depression, ਵਰਗੀਆਂ ਦੁੱਖਦਾਈ ਬੀਮਾਰੀਆਂ ਨੂੰ ਅਸੀਂ ਜੜ੍ਹੋਂ ਖਤਮ ਕਰਦੇ ਹਾਂ }

**EYE DROPS:** ਅੱਖਾਂ ਦੀਆਂ ਸਭ ਤਰ੍ਹਾਂ ਦੀਆਂ ਬਿਮਾਰੀਆਂ ਵਿਚ ਹਰ ਕਿਸੇ ਲਈ ਮਦਦਗਾਰ (ਇਕ ਅਜੂਬਾ) £13

**TONICS** - 1) ਸਰੀਰਕ ਸ਼ਕਤੀ ANAEMIA ... (ਇਕ ਲੀਟਰ ਤਿੰਨ ਮਹੀਨੇ ਲਈ) ਕੀਮਤ £120

2) ਮਾਨਸਿਕ ਸ਼ਕਤੀ ਲਈ: (NERVE TONIC)- ... (ਇਕ ਲੀਟਰ ਤਿੰਨ ਮਹੀਨੇ ਲਈ) ਕੀਮਤ £120

## ਮਰਦਾਨਾ ਬੀਮਾਰੀਆਂ-ਕਮਜ਼ੋਰੀਆਂ ਅਤੇ ਤਾਕਤ ਲਈ ਨੁਸਖੇ:

1) ... £35
2) ... £35
3) ... (HEALTHY SPERMS) ... £40
4) ... £35
5) ... £35
6) ... £30
7) ... £25
8) ... £25

ਇਸ ਤੋਂ ਇਲਾਵਾ ਪੁਰਸ਼ਾਂ ਦੇ ਹੋਰ ਗੁਪਤ ਰੋਗ ਜਿਵੇਂ :

(AZOOSPERMIA), (HYDROCELE), (GONORRHOEA), (PROSTATE GLAND), (SYPHILIS), SPERMATIC (VARICOCELE)

## ਔਰਤਾਂ ਦੀਆਂ ਗੁਪਤ ਬੀਮਾਰੀਆਂ, ਜਿਵੇਂ :

(Dysmenorrhoea), (Atrophy of Mammae), (Mastitis), (Uterus), (Physometra), (Fibroid Uterine), (Diseases of Ovaries), (Ovarian Cysts), (Vaginimus), (Vaginitis), (Frigidity), (Prutitis), (Sterility), (Miscarriage), (Diseases of Post Partum), (Menopause Disorders)

ਨੋਟ: ਜ਼ਰੂਰਤ ਮੁਤਾਬਕ ਔਰਤਾਂ ਦੀ ਚੈਕਿੰਗ ਲਈ ਲੇਡੀ ਕੰਸਲਟੈਂਟ ਦਾ ਪ੍ਰਬੰਧ ਹੈ ।

LADY CONSULTANT & PRACTITIONER IS AVAILABLE, MRS. JASWINDER KAUR KHANBA BSYA. (HOM.), (A.P) AND (NUTRI.)

## ਔਰਤਾਂ ਲਈ ਕੁਦਰਤੀ ਤੋਹਫ਼ੇ ਅਤੇ ਨੁਸਖੇ (SCIENTIFICALLY PROVEN 'NATURAL GIFTS')

INFORMATION

ਨੁਸਖਾ ਨੰਬਰ 1 (IN TABLETS) ... (PIGMENTATION WHITE SPOTS) ... £69
ਨੁਸਖਾ ਨੰਬਰ 2 (IN CAPSULES OR IN PEARLS) ... PROPER SHAPE ... £89
ਨੁਸਖਾ ਨੰਬਰ 3 (IN CAPSULES) ... (POWERFUL FAT BURNER) ... £69
ਨੁਸਖਾ ਨੰਬਰ 4 (IN CAPSULES) ... FLAT ... TONED ... £69
ਨੁਸਖਾ ਨੰਬਰ 5 (IN CAPSULES) ... A REAL MAGIC ... £69
ਨੁਸਖਾ ਨੰਬਰ 6 (GEL IN APPLICATORS) ... SEXUAL DISCOMFORT ... VAGINAL LUBRICATION GEL (MAGIC) £49
ਨੁਸਖਾ ਨੰਬਰ 7 (IN CAPSULES) ... CALCIUM ... (OSTEOPOROSIS) ... £59
ਨੁਸਖਾ ਨੰਬਰ 8 (IN CAPSULES) ... £59
ਨੁਸਖਾ ਨੰਬਰ 9 (IN CAPSULES) ... £59
ਨੁਸਖਾ ਨੰਬਰ 10 (IN CAPSULES) ... GUARANTEED GOOD QUALITY SLEEP ... £59
ਨੁਸਖਾ ਨੰਬਰ 11 (IN TABLETS) ... (ANAEMIA) ... £49

ਮਰਦਾਂ ਲਈ ਕੁਦਰਤੀ ਤੋਹਫ਼ੇ ਅਤੇ ਨੁਸਖੇ-ਇਕ ਮਹੀਨੇ ਦੀ ਕੀਮਤ

ਨੁਸਖਾ ਨੰਬਰ 12 (IN TABLETS): ... (SPECIAL OCCASIONS) ... £89
ਨੁਸਖਾ ਨੰਬਰ 13 (IN VIALS): ... £89
ਨੁਸਖਾ ਨੰਬਰ 14 (IN TABLETS): ... SEXUAL ... MALE DISORDERS ... £69

## ਬੱਚਿਆਂ ਦੀਆਂ ਬੀਮਾਰੀਆਂ, ਜਿਵੇਂ:

(Stammering), (Tonsilits), (Worms), (Enuresis), (Wheezing Problem), (Eczema), (Psoriasis), (Anaemia), (Backward Children), (Rickets), (Epilepsy)

## ਅਸੀਂ EXTERNAL USE ਲਈ LOTION, OIL OINTMENT, LINIMENT ਅਤੇ CAPSULES ਆਪ ਜੀ ਦੀ ਲੋੜ ਅਨੁਸਾਰ ਬਣਾ ਕੇ ਦਿੰਦੇ ਹਾਂ ਸਾਡੇ ਆਪਣੇ ਕੁਝ SPECIFIC BRANDS ਇਸ ਤਰ੍ਹਾਂ ਹਨ (ਇਹ ਜਾਦੂ ਵਾਂਗ ਕੰਮ ਕਰਦੇ ਹਨ)

PILAES (IN OINTMENT) ... £19
NURALACO (IN OINTMENT OR LOTION) ... £19
CHILLAGA (IN OINTMENT OR LOTION) ... £19
ARNSTRA (IN OINTMENT) ... (BRUISES) ... (BED SORES) ... £19
BELINFLA (IN OIL OR OINTMENT) ... £19
BELULCE (IN OIL) ... ULCERS ... £19
BRYJOIN (IN OIL) ... £19
CALWOUN (IN OIL OR OINTMENT) ... £19
BURCAN (IN LOTION OR OINTMENT) ... £19
ROUTUM (IN OINTMENT) ... £19
JOINRHU (IN OIL) ... £19
ABSSIL (IN LOTION) ... £19
ITCSUL (IN OIL) ... £19
WARTHU (IN OIL) ... (WARTS) ... £19

* HOMOEOPATHIC HEALTH CLINIC ... £10 ...

ALL INFORMATION IS KEPT STRICTLY CONFIDENTIAL

PLEASE MAKE AN APPOINTMENT: **MANJEET SINGH KHANBA**
M.A. M.(LIT) BSYA (HOM.) & (A.P.) (ADV. HERBALISM) AND NUTRI.) HOM. CONSULTANT & PRACTITIONER,
236, BLAGREAVES LANE, LITTLEOVER, DERBY. DE23 1PS, U.K.
Tel/FAX: 00 44 (0)+1332-72 72 42 Mobile: 00 44 (0)+7973-85 10 12
www.homoeopathichealthclinicderby.com Email : manjeetkhanba@aol.com

OPEN 7 DAYS
STRICTLY ON APPOINTMENTS

# ਬੋਧੀਸਤਵ ਡਾ. ਬਾਬਾ ਸਾਹਿਬ ਅੰਬੇਡਕਰ ਪਬਲਿਕ ਸਕੂਲ, ਚਿਮੂਰ ਵਿੱਚ ਰੁੱਖ ਲਗਾ ਕੇ ਜਨਮ ਦਿਨ ਮਨਾਇਆ ਗਿਆ

**ਚਿਮੂਰ:-** ਅੱਜ, 8 ਜੁਲਾਈ, ਮੰਗਲਵਾਰ, ਸਵੇਰੇ 11.30 ਵਜੇ, ਡਾ. ਬਾਬਾ ਸਾਹਿਬ ਅੰਬੇਡਕਰ ਦੁਆਰਾ ਸਥਾਪਿਤ ਪਬਲਿਕ ਐਜੂਕੇਸ਼ਨ ਸੋਸਾਇਟੀ ਦਾ ਸਥਾਪਨਾ ਦਿਵਸ ਅਤੇ ਬੋਧੀਸਤਵ ਡਾ. ਬਾਬਾ ਸਾਹਿਬ ਅੰਬੇਡਕਰ ਐਜੂਕੇਸ਼ਨ ਸੋਸਾਇਟੀ, ਜਲੰਧਰ ਦੇ ਪ੍ਰਧਾਨ, ਸਕਾਟਲੈਂਡ-ਅਧਾਰਤ ਐਨਆਰਆਈ ਸੋਹਨਲਾਲ ਗਿੰਡਾ ਦਾ ਜਨਮ ਦਿਨ, ਬੋਧੀਸਤਵ ਡਾ. ਬਾਬਾ ਸਾਹਿਬ ਅੰਬੇਡਕਰ ਪਬਲਿਕ ਸਕੂਲ, ਚਿਮੂਰ ਵਿੱਚ ਰੁੱਖ ਲਗਾ ਕੇ ਮਨਾਇਆ ਗਿਆ। ਪ੍ਰੋਗਰਾਮ ਦੀ ਪ੍ਰਧਾਨਗੀ ਬੋਧੀਸਤਵ ਡਾ. ਬਾਬਾ ਸਾਹਿਬ ਅੰਬੇਡਕਰ ਐਜੂਕੇਸ਼ਨ ਸੋਸਾਇਟੀ, ਚਿਮੂਰ ਦੇ ਪ੍ਰਧਾਨ ਪ੍ਰਕਾਸ਼ ਵਾਨਖੇੜੇ ਨੇ ਕੀਤੀ, ਜਦੋਂ ਕਿ ਲੋਕੇਸ਼ ਗਜਭੇ, ਰਾਜੂ ਕਪਸੇ, ਧਨਮਾਲਾ ਗੋਂਡਨੇ ਅਤੇ ਨਾਗਪੁਰ ਤੋਂ ਹੋਰ ਪਤਵੰਤੇ ਮੁੱਖ ਮਹਿਮਾਨ ਵਜੋਂ ਸਟੇਜ 'ਤੇ ਮੌਜੂਦ ਸਨ। ਸਭ ਤੋਂ ਪਹਿਲਾਂ, ਤਥਾਗਤ ਬੁੱਧ ਅਤੇ ਵਿਸ਼ਵਰਤਨ ਡਾ. ਬਾਬਾ ਸਾਹਿਬ ਅੰਬੇਡਕਰ ਦੀਆਂ ਤਸਵੀਰਾਂ ਨੂੰ ਹਾਰ ਪਹਿ-ਨਾਏ ਗਏ ਅਤੇ ਸਮੂਹਿਕ ਤ੍ਰਿਸ਼ਰਨ ਅਤੇ ਪੰਚਸ਼ੀਲ ਸਵੀਕਾਰ ਕੀਤੇ ਗਏ। ਇਸ ਤੋਂ ਬਾਅਦ ਮਹਿਮਾਨਾਂ ਵੱਲੋਂ ਰੁੱਖ ਲਗਾ ਕੇ ਕੀਤਾ ਗਿਆ। ਸੋਹਨਲਾਲ ਗਿੰਡਾ ਦੇ ਜਨਮ ਦਿਨ ਮੌਕੇ ਸਕੂਲ ਦੇ ਬੱਚਿਆਂ ਨੇ ਗੁਬਾਰੇ ਫੜ ਕੇ ਆਪਣੀ ਖੁਸ਼ੀ ਦਾ ਪ੍ਰਗਟਾਵਾ ਕੀਤਾ ਅਤੇ ਉਨ੍ਹਾਂ ਨੂੰ ਸ਼ੁਭਕਾਮਨਾਵਾਂ ਦਿੱਤੀਆਂ। ਵਿਦਿਆਰਥੀਆਂ ਅਤੇ ਮੌਜੂਦ ਲੋਕਾਂ ਨੂੰ ਮਠਿਆਈਆਂ ਵੀ ਵੰਡੀਆਂ ਗਈਆਂ। ਬਾਬਾ ਸਾਹਿਬ ਅੰਬੇਡਕਰ ਐਜੂਕੇਸ਼ਨ ਸੋਸਾਇਟੀ, ਜਲੰਧਰ ਦੇ ਪ੍ਰਧਾਨ ਬੋਧੀਸਤਵ ਡਾ. ਸੋਹਨਲਾਲ ਗਿੰਡਾ ਨੇ ਵੀਡੀਓ ਕਾਲ ਰਾਹੀਂ ਸੰਪਰਕ







ਕੀਤਾ ਅਤੇ ਉਨ੍ਹਾਂ ਦੇ ਜਨਮ ਦਿਨ ਮੌਕੇ ਸਕੂਲ ਵਿਕਾਸ ਲਈ ਦਸ ਹਜ਼ਾਰ ਰੁਪਏ ਦਾਨ ਕੀਤੇ ਅਤੇ ਸੰਦੇਸ਼ ਦਿੱਤਾ ਕਿ ਹਰ ਅੰਬੇਡਕਰਵਾਦੀ ਵਿਅਕਤੀ ਨੂੰ ਉਨ੍ਹਾਂ ਦੇ ਜਨਮ ਦਿਨ 'ਤੇ ਅੰਬੇਡਕਰ ਲਹਿਰ ਵਿੱਚ ਵਿੱਤੀ ਮਦਦ ਕਰਨੀ ਚਾਹੀਦੀ ਹੈ। ਇਸ ਮੌਕੇ ਮੁੱਖ ਮਹਿਮਾਨ ਨੇ ਅੰਬੇਡਕਰ ਸਿੱਖਿਆ ਲਹਿਰ ਨੂੰ ਸਥਾਪਿਤ ਕਰਨ ਲਈ ਆਪਣੇ ਕੈਂਪਸ ਵਿੱਚ ਇੱਕ ਸਕੂਲ ਸਥਾਪਤ ਕਰਨ ਦਾ ਮਤਾ ਘੋਸ਼ਿਤ ਕੀਤਾ। ਪ੍ਰੋਗਰਾਮ ਦੇ ਚੇਅਰਮੈਨ ਪ੍ਰਕਾਸ਼ ਵਾਨਖੇੜੇ ਨੇ ਸੋਹਨਲਾਲ ਗਿੰਡਾ ਦੀ ਚੰਗੀ ਸਿਹਤ ਦੀ ਕਾਮਨਾ ਕੀਤੀ ਤਾਂ ਜੋ ਉਹ ਸਮਾਜ ਵਿੱਚ ਨੈਤਿਕ ਕਦਰਾਂ-ਕੀਮਤਾਂ ਸਥਾਪਤ ਕਰਨ ਵਾਲੇ ਅੰਬੇਡਕਰ ਸਿੱਖਿਆ ਲਹਿਰ ਦਾ ਹਮੇਸ਼ਾ ਮਾਰਗਦਰਸ਼ਨ ਕਰ ਸਕਣ। ਪ੍ਰੋਗਰਾਮ ਦਾ ਸੰਚਾਲਨ ਬੋਧੀਸਤਵ ਡਾ. ਪ੍ਰਕਾਸ਼ ਮੇਸ਼ਰਾਮ ਨੇ ਕੀਤਾ। ਬਾਬਾ ਸਾਹਿਬ ਅੰਬੇਡਕਰ ਐਜੂਕੇਸ਼ਨ ਸੋਸਾਇਟੀ, ਚਿਮੂਰ ਦੇ ਉਪ ਪ੍ਰਧਾਨ ਨੇ ਜਾਣ-ਪਛਾਣ ਕਰਵਾਈ। ਸੋਸਾਇਟੀ ਦੇ ਸਕੱਤਰ ਪ੍ਰਹਿਲਾਦ ਬੋਰਕਰ ਨੇ ਧੰਨਵਾਦ ਪ੍ਰਗਟ ਕੀਤਾ ਅਤੇ ਸੋਸਾਇਟੀ ਦੇ ਖਜ਼ਾਨਚੀ ਅਤੇ ਬੋਧੀਸਤਵ ਡਾ. ਬਾਬਾ ਸਾਹਿਬ ਅੰਬੇਡਕਰ ਪਬਲਿਕ ਸਕੂਲ ਦੇ ਪ੍ਰਿੰਸੀਪਲ ਸਿਧਾਰਥ ਜਿਲਟੇ ਨੇ ਧੰਨਵਾਦ ਪ੍ਰਗਟ ਕੀਤਾ। ਇਸ ਮੌਕੇ ਸੋਸਾਇਟੀ ਦੇ ਸੰਯੁਕਤ ਸਕੱਤਰ ਪਵਨ ਤਕਸਾਂਡੇ, ਪ੍ਰਚਾਰ ਸਕੱਤਰ ਜਤਿੰਦਰ ਸਹਾਰੇ, ਅਧਿਆਪਕਾ ਦੀਪਤੀ ਪਾਟਿਲ, ਕਿਰਨ ਦੋਏ, ਸਹਾਇਕ ਊਸ਼ਾ ਰਾਉਤ ਆਦਿ ਦੇ ਨਾਲ-ਨਾਲ ਮਾਪੇ ਅਤੇ ਵਿਦਿਆਰਥੀ ਮੌਜੂਦ ਸਨ। ਅੰਬੇਡਕਰ ਸਿੱਖਿਆ ਅੰਦੋਲਨ ਵਿੱਚ ਸ਼ਾਮਲ ਹੋਣ ਅਤੇ ਬੋਧੀਸਤਵ ਡਾ. ਬਾਬਾ ਸਾਹਿਬ ਅੰਬੇਡਕਰ ਪਬਲਿਕ ਸਕੂਲ ਨਾਲ ਸਹਿਯੋਗ ਲਈ, ਸੰਪਰਕ ਕਰੋ



**ਸੈਕਟਰੀ ਪ੍ਰਹਿਲਾਦ ਬੋਰਕਰ**
**ਮੋਬ; ਨੰਬਰ +91 80553 21465**

# 19ਵਾਂ ਵਰਸ਼ਾਵਾਸ ਤਕਸ਼ਿਲਾ ਮਹਾਂ ਬੁੱਧ ਵਿਹਾਰ, 'ਚ 10 ਜੁਲਾਈ ਤੋਂ ਸ਼ੁਰੂ ਹੋਵੇਗਾ-ਭਿਖਸ਼ੂ ਸੰਘ


**ਜਲੰਧਰ, (ਪਰਮਜੀਤ ਜੱਸਲ)-**ਤਕਸ਼ਿਲਾ ਮਹਾਂਬੁੱਧ ਵਿਹਾਰ, ਲੁਧਿਆਣਾ ਵਿਖੇ ਭੰਤੇ ਪ੍ਰੀਗਿਆ ਬੋਧੀ ਦੀ ਅਗਵਾਈ ਵਿੱਚ ਭਿਖਸ਼ੂਆਂ ਵਲੋਂ 10 ਜੁਲਾਈ 2025 ਨੂੰ, ਦਿਨ ਵੀਰਵਾਰ ,ਸਵੇਰ 9 ਵਜੇ ਤੋਂ ਹੀ " 19 ਵਾਂ ਵਰਸ਼ਾਵਾਸ" ਸ਼ੁਰੂ ਹੋ ਰਿਹਾ ਹੈ, ਜੋ "ਅਸ਼ੋਕਾ ਵਿਜੈ ਦਸਮੀਂ " ਤੱਕ ਚੱਲੇਗਾ। ਇਹ "ਵਰਸ਼ਾ ਵਾਸ"ਤਥਾਗਤ ਬੁੱਧ ਦੇ ਸਮੇਂ ਤੋਂ ਚੱਲਿਆ ਆ ਰਿਹਾ। ਇਸ ਵਿੱਚ ਭਿਖਸ਼ੂ ਸੰਘ ਵਲੋਂ ਇਲਾਕੇ ਵਿੱਚ ਭਿਖਸ਼ੂਆਂ ਨੂੰ ਆ ਰਹੀਆਂ ਸਮੱਸਿਆਵਾਂ, ਕਠਿਨਾਈਆਂ, ਮੁਸ਼ਕਿਲਾਂ ਬਾਰੇ ਚਰਚਾਵਾਂ ਹੁੰਦੀਆਂ ਹਨ। ਉਨਾਂ ਦਾ ਹੱਲ , ਕਿਸ ਤਰੀਕੇ ਨਾਲ ਕਰਨਾ ਹੈ। ਇਸ ਸਬੰਧੀ ਡੂੰਘੀਆਂ ਵਿਚਾਰਾਂ ਕੀਤੀਆਂ ਜਾਂਦੀਆਂ ਹਨ ਤਾਂ ਜੋ ਬੁੱਧ ਧੰਮ ਦੇ ਪ੍ਰਚਾਰ ਤੇ ਪ੍ਰਸਾਰ ਵਿੱਚ ਕੋਈ ਦਿੱਕਤ ਨਾ ਆਵੇ। ਆਲੇ -ਦੁਆਲੇ ਦੇ ਸਾਰੇ ਭਿਖਸ਼ੂ



ਤਕਸ਼ਿਲਾ ਮਹਾਬੁੱਧ ਵਿਹਾਰ ਵਿੱਚ ਇਕੱਠੇ ਹੁੰਦੇ ਹਨ। ਬੁੱਧ ਧੰਮ ਬਾਰੇ ਉਪਾਸਕਾਂ ਅਤੇ ਉਪਾਸਕਾਵਾਂ ਨੂੰ ਜਾਣਕਾਰੀ ਦਿੱਤੀ ਜਾਂਦੀ ਹੈ। ਇਸ 'ਤੇ ਚੱਲਣ ਦੇ ਨਿਯਮ ਦੱਸੇ ਜਾਂਦੇ ਹਨ। ਤਰੀਸ਼ਰਨ,ਪੰਚਸ਼ੀਲ ਗ੍ਰਹਿਣ ਕਰਨ ਲਈ ਪ੍ਰੇਰਿਆ ਜਾਂਦਾ ਹੈ। ਤਥਾਗਤ ਬੁੱਧ ਦੁਆਰਾ ਦਿੱਤੇ ਅਸ਼ਟਾਂਗ ਮਾਰਗ ਬਾਰੇ ਵੀ ਚਰਚਾ ਹੁੰਦੀ ਹੈ। ਮਨੁੱਖਤਾ ਵਿੱਚ ਸਮਾਨਤਾ, ਸੁਤੰਤਰਤਾ ਤੇ ਭਾਈਚਾਰਾ ਬਣਾਈ ਰੱਖਣ ਲਈ ਪ੍ਰੇਰਨਾ ਦਿੱਤੀ ਜਾਂਦੀ ਹੈ। ਮੈਡੀਟੇਸ਼ਨ ਵੀ ਕੀਤਾ ਜਾਂਦਾ ਹੈ । ਤਕਸ਼ਿਲਾ ਮਹਾਂਬੁੱਧ ਵਿਹਾਰ, ਕਾਦੀਆਂ (ਲੁਧਿਆਣਾ) ਵਿੱਚ ਸ਼ੁਰੂ ਹੋ ਰਹੇ "19ਵੇਂ ਵਰਸ਼ਾ ਵਾਸ " 'ਤੇ ਪੰਜਾਬ ਬੁੱਧਿਸਟ ਸੁਸਾਇਟੀ (ਰਜਿ) ਪੰਜਾਬ ਦੇ ਪ੍ਰਧਾਨ ਐਡਵੋਕੇਟ ਹਰਭਜਨ ਸਾਂਪਲਾ ਨੇ ਬੋਧੀ ਉਪਾਸਕਾਂ ਅਤੇ ਉਪਾਸਕਾਵਾਂ ਨੂੰ ਅਪੀਲ ਕੀਤੀ ਹੈ ਕਿ ਇਸ ਵਰਸ਼ਾ ਵਾਸ ਵਿੱਚ ਆਪਣਾ ਬਣਦਾ ਯੋਗਦਾਨ ਜਰੂਰ ਪਾਇਆ ਜਾਵੇ ਭਾਵ ਦਾਨ ਕੀਤਾ ਜਾਵੇ। ਦਾਨ ਭਿਖਸ਼ੂ ਸੰਘ ਨੂੰ ਜਾਂ ਪੰਜਾਬ ਬੁੱਧਿਸਟ ਸੁਸਾਇਟੀ, (ਰਜਿ)ਪੰਜਾਬ ਦੇ ਖਾਤੇ ਵਿੱਚ ਜਮਾ ਕਰਾਇਆ ਜਾਵੇ ਜੀ।

# ਅੰਬੇਡਕਰੀ ਤੇ ਬੋਧੀ ਆਗੂ ਸ੍ਰੀ ਮਦਨ ਸਰੋਏ ਯੂਕੇ ਦੇ ਵਿਛੋੜੇ 'ਤੇ ਦੁੱਖ ਦਾ ਪ੍ਰਗਟਾਵਾ

**ਜਲੰਧਰ, (ਪਰਮਜੀਤ ਜੱਸਲ)-** ਅੰਬੇਡਕਰੀ ਤੇ ਬੋਧੀ ਆਗੂ ਸ੍ਰੀ ਮਦਨ ਸਰੋਏ, ਯੂ.ਕੇ. ਦੇ ਸਦੀਵੀ ਵਿਛੋੜੇ 'ਤੇ ਅੰਬੇਡਕਰੀ ਸੰਸਥਾਵਾਂ ,ਬੁੱਧ ਵਿਹਾਰਾਂ ਅਤੇ ਬੋਧੀ ਆਗੂਆਂ ਵੱਲੋਂ ਡੂੰਘਾ ਦੁੱਖ ਪ੍ਰਗਟ ਕੀਤਾ ਗਿਆ ਹੈ। ਸ੍ਰੀ ਮਦਨ ਸਰੋਏ ਜੀ ਦਾ ਅੰਬੇਡਕਰੀ ਸੰਸਥਾਵਾਂ, ਸਮਾਜ ਦੇ ਗਰੀਬ ਲੜਕੀਆਂ ਦੀ ਐਜੂਕੇਸ਼ਨ, ਗਰੀਬ ਬੱਚਿਆਂ ਲਈ ਫ੍ਰੀ ਕੰਪਿਊਟਰ ਸੈਂਟਰ ਵਿੱਚ ਸਿੱਖਿਆ ਦੇਣ, ਲਈ ਬਹੁਤ ਵੱਡਾ ਯੋਗਦਾਨ ਰਿਹਾ ਹੈ। ਉਹਨਾਂ ਦੇ ਜਾਣ ਨਾਲ ਅੰਬੇਡਕਰੀ ਮਿਸ਼ਨ ਮੂਵਮੈਂਟ ਨੂੰ ਬਹੁਤ ਵੱਡਾ ਘਾਟਾ ਪਿਆ ਹੈ,ਜੋ ਕਦੇ ਵੀ ਪੂਰਾ ਨਹੀਂ ਹੋਵੇਗਾ। ਇਸ ਦੁੱਖ ਦੀ ਘੜੀ ਵਿੱਚ ਪਰਿਵਾਰ ਨਾਲ ਅਸੀਂ ਹਮਦਰਦੀ ਪ੍ਰਗਟ ਕਰਦੇ ਹਾਂ। ਇਸ ਵਿੱਚ ਐਡਵੋਕੇਟ ਹਰਭਜਨ ਸਾਂਪਲਾ ਜਨਰਲ ਸਕੱਤਰ ਬੁੱਧ ਵਿਹਾਰ ਟਰੱਸਟ ਸੋਫੀ ਪਿੰਡ, ਪ੍ਰਿੰਸੀਪਲ ਪਰਮਜੀਤ ਜੱਸਲ ਡਾਕਟਰ ਬੀ. ਆਰ. ਅੰਬੇਡਕਰ ਪਬਲਿਕ ਸਕੂਲ ਬੁਲੰਦਪੁਰ, ਜਲੰਧਰ, ਡਾ. ਜੀ .ਸੀ.ਕੌਲ ਜਨਰਲ



ਸਕੱਤਰ ਡਾ. ਅੰਬੇਡਕਰ ਭਵਨ ਟਰੱਸਟ ਜਲੰਧਰ, ਹੁਸਨ ਲਾਲ ਬੌਧ ਸਿਧਾਰਥ ਨਗਰ, ਚੰਚਲ ਬੌਧ, ਚਮਨ ਸਾਂਪਲਾ, ਬਲਦੇਵ ਜੱਸਲ ਧੰਮਾਂਚਾਰੀਆ, ਵਿਜੇ ਕੁਮਾਰ ਫਿਲੌਰ, ਸਤਵਿੰਦਰ ਮਦਾਰ, ਪ੍ਰੋਫੈਸਰ ਬਲਵੀਰ, ਚਰਨ ਦਾਸ ਸੰਧੂ ਪ੍ਰਧਾਨ ਡਾਕਟਰ ਅੰਬੇਡਕਰ ਮਿਸ਼ਨ ਸੋਸਾਇਟੀ(ਰਜਿ) ਪੰਜਾਬ ਅਤੇ ਬਲਦੇਵ ਰਾਜ ਭਾਰਦਵਾਜ ਜਨਰਲ ਸਕੱਤਰ ਆਦਿ ਨੇ ਸ੍ਰੀ ਮਦਨ ਸਰੋਏ ਯੂ.ਕੇ. ਦੇ ਵਿਛੋੜੇ 'ਤੇ ਡੂੰਘਾ ਦੁੱਖ ਪ੍ਰਗਟ ਕੀਤਾ।

# ਅੰਬੇਡਕਰ ਭਵਨ ਵਿਖੇ ਐਲ.ਆਰ. ਬਾਲੀ ਨੂੰ ਭਾਵੁਕ ਸ਼ਰਧਾਂਜਲੀਆਂ ਭੇਟ ਕੀਤੀਆਂ ਗਈਆਂ



**ਜਲੰਧਰ (ਸਮਾਜ ਵੀਕਲੀ):** ਅੰਬੇਡਕਰ ਮਿਸ਼ਨ ਸੁਸਾਇਟੀ ਪੰਜਾਬ (ਰਜਿ.) ਵੱਲੋਂ ਇਤਿਹਾਸਿਕ ਸਥਾਨ ਅੰਬੇਡਕਰ ਭਵਨ, ਡਾ. ਅੰਬੇਡਕਰ ਮਾਰਗ, ਜਲੰਧਰ ਵਿਖੇ ਉੱਘੇ ਅੰਬੇਡਕਰਵਾਦੀ, ਮਹਾਨ ਚਿੰਤਕ, ਨਿਡਰ ਬੁਲਾਰੇ, ਭੀਮ ਪੱਤ੍ਰਕਾ ਦੇ ਸੰਪਾਦਕ ਸ੍ਰੀ ਐਲ. ਆਰ. ਬਾਲੀ ਦੀ ਸ਼ਰਧਾਂਜਲੀ ਸਭਾ ਦਾ ਆਯੋਜਨ ਕੀਤਾ ਗਿਆ। ਅੰਬੇਡਕਰ ਭਵਨ ਟਰੱਸਟ, ਆਲ ਇੰਡੀਆ ਸਮਤਾ ਸੈਨਿਕ ਦਲ (ਰਜਿ.) ਪੰਜਾਬ ਯੂਨਿਟ ਅਤੇ ਅੰਬੇਡਕਰ ਮਿਸ਼ਨ ਸੁਸਾਇਟੀ ਪੰਜਾਬ (ਰਜਿ.) ਦੇ ਮੈਂਬਰਾਂ ਵੱਲੋਂ ਸ਼੍ਰੀ ਐਲ ਆਰ ਬਾਲੀ ਨੂੰ ਭਾਵੁਕ ਸ਼ਰਧਾਂਜਲੀਆਂ ਭੇਟ ਕੀਤੀਆਂ ਗਈਆਂ। ਸੁਸਾਇਟੀ ਦੇ ਸਰਪ੍ਰਸਤ ਅਤੇ ਟਰੱਸਟ ਦੇ ਚੇਅਰਮੈਨ ਸੋਹਨ ਲਾਲ ਡੀਪੀਆਈ (ਕਾਲਜਾਂ) ਨੇ ਬਾਲੀ ਸਾਹਿਬ ਨੂੰ ਸ਼ਰਧਾਂਜਲੀ ਦਿੰਦਿਆਂ ਕਿਹਾ ਕਿ ਬਾਲੀ ਸਾਹਿਬ ਨੇ ਪੰਜਾਬ ਵਿੱਚ ਬਾਬਾ ਸਾਹਿਬ ਦੀ ਵਿਚਾਰਧਾਰਾ ਦੇ ਪ੍ਰਚਾਰ ਤੇ ਪ੍ਰਸਾਰ ਦਾ ਮੁੱਢ ਬੰਨਿਆ। ਉਹਨਾਂ ਨੇ ਆਪਣੀਆਂ ਪ੍ਰੇਰਨਾਦਾਇਕ ਲਿਖਤਾਂ ਰਾਹੀਂ ਜਨ-ਚੇਤਨਾ ਪੈਦਾ ਕਰਨ ਦਾ ਬੇਮਿਸਾਲ ਯਤਨ ਕੀਤਾ। ਉਹਨਾਂ ਕਿਹਾ ਕਿ ਬਾਲੀ ਸਾਹਿਬ ਦਾ ਪੂਰਾ ਜੀਵਨ ਪੀੜਤ ਤੇ ਸਤਾਏ ਹੋਏ ਲੋਕਾਂ ਪ੍ਰਤੀ ਸਮਰਪਿਤ ਸੀ। ਸੁਸਾਇਟੀ ਦੇ ਮੀਤ ਪ੍ਰਧਾਨ ਪ੍ਰੋਫੈਸਰ ਬਲਬੀਰ ਨੇ ਆਪਣੇ ਸੰਬੋਧਨ ਵਿੱਚ ਬਾਲੀ ਜੀ ਨੂੰ ਅੰਬੇਡਕਰੀ ਵਿਚਾਰਧਾਰਾ ਦਾ ਮਹਾਨ ਚਿੰਤਕ ਦੱਸਦਿਆਂ ਲੋਕ ਸੰਘਰਸ਼ ਵਿੱਚ ਪਾਏ ਗਏ ਉਹਨਾਂ ਦੇ ਭਰਪੂਰ ਯੋਗਦਾਨ ਅਤੇ ਉਹਨਾਂ ਵੱਲੋਂ ਆਪਣੀਆਂ ਅਨੇਕ ਪੁਸਤਕਾਂ ਰਾਹੀਂ ਤਤਕਾਲੀਨ ਨੌਜਵਾਨ ਵਰਗ ਵਿੱਚ ਜੋਸ਼ ਅਤੇ ਉਤਸ਼ਾਹ ਦੀ ਨਵੀਂ ਚੇਤਨਾ ਪੈਦਾ ਕਰਨ ਦੀ ਭਰਪੂਰ ਪ੍ਰਸ਼ੰਸਾ ਕੀਤੀ। ਸੁਸਾਇਟੀ ਦੇ ਸਰਪ੍ਰਸਤ ਅਤੇ ਅੰਬੇਡਕਰ ਭਵਨ ਟਰੱਸਟ ਦੇ ਜਨਰਲ ਸਕੱਤਰ ਡਾ. ਜੀ. ਸੀ. ਕੌਲ ਨੇ ਬਾਲੀ ਸਾਹਿਬ ਨੂੰ ਸ਼ਰਧਾਂਜਲੀ ਦਿੰਦਿਆਂ ਕਿਹਾ ਕਿ ਬਾਲੀ ਸਾਹਿਬ ਉਹਨਾਂ ਕੁਝ ਇੱਕ ਮੁਢਲੇ ਅੰਬੇਡਕਰਵਾਦੀਆਂ ਵਿੱਚੋਂ ਸਨ, ਜਿਨ੍ਹਾਂ ਨੇ ਪੰਜਾਬ ਵਿੱਚ ਅੰਬੇਡਕਰੀ ਵਿਚਾਰਧਾਰਾ ਦੇ ਪ੍ਰਚਾਰ ਤੇ ਪ੍ਰਸਾਰ ਦੀ ਨੀਂਹ ਰੱਖੀ। ਜਬਰਦਸਤ ਵਿਰੋਧੀ ਸ਼ਕਤੀਆਂ ਦੇ ਬਾਵਜੂਦ ਨਾ ਸਿਰਫ ਪੰਜਾਬ ਵਿੱਚ, ਬਲਕਿ ਅਨੇਕ ਅੰਦੋਲਨਾਂ ਦੀ ਅਗਵਾਈ ਕਰਨ ਤੋਂ ਇਲਾਵਾ ਅਥਾਹ ਲਿਟਰੇਚਰ ਦੀ ਸਿਰਜਣਾ ਕਰਕੇ ਪੂਰੇ ਭਾਰਤ ਵਿੱਚ ਬਾਬਾ ਸਾਹਿਬ ਦੇ ਮਿਸ਼ਨ ਨੂੰ ਜਨ-ਜਨ ਤੱਕ ਪਹੁੰਚਾਇਆ।










ਸੁਸਾਇਟੀ ਦੇ ਪ੍ਰਧਾਨ ਚਰਨ ਦਾਸ ਸੰਧੂ ਨੇ ਬਾਲੀ ਸਾਹਿਬ ਵੱਲੋਂ 6 ਦਸੰਬਰ, 1956 ਨੂੰ ਬਾਬਾ ਸਾਹਿਬ ਦੇ ਪਰਿਨਿਰਵਾਣ ਸਮੇਂ ਸਰਕਾਰੀ ਨੌਕਰੀ ਤੋਂ ਤਿਆਗ ਪੱਤਰ ਦੇਣ ਉਪਰੰਤ ਲਗਾਤਾਰ ਕੀਤੇ ਗਏ ਲੋਕ ਸੰਘਰਸ਼ ਨੂੰ ਯਾਦ ਕੀਤਾ। ਉਹਨਾਂ ਕਿਹਾ 1958 ਵਿੱਚ ਹਿੰਦੀ ਵਿੱਚ 'ਭੀਮ ਪਤ੍ਰਿਕਾ' ਸ਼ੁਰੂ ਕਰਕੇ ਬਾਲੀ ਜੀ ਨੇ ਪੂਰੇ ਭਾਰਤ ਵਿੱਚ ਅੰਬੇਡਕਰੀ ਵਿਚਾਰਧਾਰਾ ਪ੍ਰਤੀ ਚੇਤਨਾ ਪੈਦਾ ਕਰਨ ਦਾ ਅਹਿਮ ਯਤਨ ਸ਼ੁਰੂ ਕੀਤਾ। 1964 ਵਿੱਚ ਆਰਪੀਆਈ ਵੱਲੋਂ ਸ਼ੁਰੂ ਕੀਤੇ ਗਏ ਮੋਰਚੇ ਸਮੇਂ ਉਹਨਾਂ ਨੇ ਆਪਣੇ ਸੈਂਕੜੇ ਸਾਥੀਆਂ ਸਮੇਤ ਗ੍ਰਿਫਤਾਰੀ ਦੇ ਕੇ ਪੂਰੇ ਪਰਿਵਾਰ ਸਮੇਤ 70 ਦਿਨ ਜੇਲ ਕੱਟੀ। ਪਾਰਟੀ ਦੇ ਰਾਸ਼ਟਰੀ ਜਨਰਲ ਸਕੱਤਰ



ਵਜੋਂ ਨਿਭਾਏ ਗਏ ਰੋਲ, ਪੰਜਾਬ ਵਿੱਚ ਦਲਿਤਾਂ ਉੱਪਰ ਹੁੰਦੇ ਅੱਤਿਆਚਾਰਾਂ ਵਿਰੁੱਧ ਕੀਤੀ ਜਾਂਦੀ ਨਿਰੰਤਰ ਜਦੋ-ਜਹਿਦ, 1982 ਨੂੰ ਬਾਬਾ ਸਾਹਿਬ ਦੇ ਜਨਮਦਿਨ ਦੀ ਗ਼ਜ਼ੇਟਿਡ ਛੁੱਟੀ ਲਈ ਕੀਤੇ ਸੰਘਰਸ਼ ਅਤੇ ਤੱਲ੍ਹਣ ਕਾਂਡ ਵਰਗੇ ਅਨੇਕ ਮੋਰਚੇ ਲਾ ਕੇ ਦਲਿਤ ਅਧਿਕਾਰਾਂ ਦੀ ਪ੍ਰਾਪਤੀ ਹਿੱਤ ਕੀਤੇ ਯਤਨਾਂ ਨੂੰ ਯਾਦ ਕੀਤਾ। ਸ੍ਰੀ ਜਸਵਿੰਦਰ ਵਰਿਆਣਾ, ਪਰਮਿੰਦਰ ਸਿੰਘ ਖੁੱਤਣ, ਡਾ. ਚਰਨਜੀਤ ਸਿੰਘ. ਗੌਤਮ ਸਾਂਪਲਾ ਅਤੇ ਡਾ. ਮਹਿੰਦਰ ਸੰਧੂ ਨੇ ਵੀ ਸ੍ਰੀ ਐਲ ਆਰ ਬਾਲੀ ਨੂੰ ਸ਼ਰਧਾ ਦੇ ਫੁੱਲ ਭੇਂਟ ਕੀਤੇ। ਸੁਸਾਇਟੀ ਦੇ ਜਨਰਲ ਸਕੱਤਰ ਬਲਦੇਵ ਰਾਜ ਭਾਰਦਵਾਜ਼ ਨੇ ਵੀ ਬਾਲੀ ਸਾਹਿਬ ਨੂੰ ਸ਼ਰਧਾਂਜਲੀ ਭੇਂਟ ਕੀਤੀ ਅਤੇ ਸਭ ਦਾ ਧੰਨਵਾਦ ਕਰਦਿਆਂ ਉਹਨਾਂ ਕਿਹਾ ਕਿ ਬਾਲੀ ਸਾਹਿਬ ਨੇ ਸਮਾਜ ਵਾਸਤੇ ਜੋ ਕਾਰਜ ਕੀਤੇ ਹਨ ਉਹਨਾਂ ਕਰਕੇ ਬਾਲੀ ਸਾਹਿਬ ਦਾ ਨਾਮ ਸਦੀਵੀ ਬਣ ਗਿਆ ਹੈ ਅਤੇ ਜਦ ਤੱਕ ਸੂਰਜ ਚੰਦ ਰਹੇਗਾ ਉਦੋਂ ਤੱਕ ਬਾਲੀ ਸਾਹਿਬ ਦਾ ਨਾਮ ਰਹੇਗਾ। ਇਸ ਮੌਕੇ ਨਿਰਮਲ ਸਿੰਘ ਬਿੰਜੀ, ਅਸ਼ਵਨੀ ਕੁਮਾਰ, ਰਮੇਸ਼ ਬੰਗੜ ਅਤੇ ਵਿੱਕੀ ਆਦਿ ਹਾਜਰ ਸਨ।

**ਬਲਦੇਵ ਰਾਜ ਭਾਰਦਵਾਜ**
**ਜਨਰਲ ਸਕੱਤਰ**
**ਅੰਬੇਡਕਰ ਮਿਸ਼ਨ ਸੁਸਾਇਟੀ ਪੰਜਾਬ (ਰਜਿ.)**


# ਬੰਦ-ਬੰਦ ਕਟਵਾਉਣ ਵਾਲੇ ਭਾਈ ਮਨੀ ਸਿੰਘ

**9 ਜੁਲਾਈ ਨੂੰ ਸ਼ਹੀਦੀ ਦਿਵਸ 'ਤੇ**

ਭਾਈ ਮਨੀ ਸਿੰਘ ਜੀ ਸਿੱਖ ਇਤਿਹਾਸ ਦੀ ਇੱਕ ਮਹਾਨ ਹਸਤੀ ਸਨ । ਆਪ ਦਾ ਜਨਮ 10 ਮਾਰਚ ਸੰਨ 1644 ਈ: ਚੇਤਰ ਸੁਦੀ 12, ਸੰਮਤ 1701 ਬਿਕਰਮੀ ਨੂੰ ਭਾਈ ਮਾਈ ਦਾਸ ਦੇ ਘਰ ਹੋਇਆ । ਸ਼ਹੀਦ ਬਿਲਾਸ ਅਨੁਸਾਰ ਆਪ ਦੇ ਵੱਡੇ ਵਡੇਰਿਆਂ ਦਾ ਸੰਬੰਧ ਦੀਪ ਬੰਸ ਦੇ ਪੰਵਾਰ ਰਾਜਪੂਤ ਘਰਾਣੇ ਨਾਲ ਸੀ, ਜੋ ਮੁਲਤਾਨ ਦੇ ਨੇੜੇ ਅਲੀਪੁਰ ਦੇ ਰਹਿਣ ਵਾਲੇ ਸਨ। ਇੰਦਰਜੀਤ ਸਿੰਘ ਜੋਧਕਾ ਅਨੁਸਾਰ ਭਾਈ ਮਨੀ ਸਿੰਘ ਦਾ ਜਨਮ 10 ਮਾਰਚ ਸੰਨ 1644 ਈ: ਦਿਨ ਐਤਵਾਰ ਚੇਤਰ ਸੁਦੀ ਬਾਰ੍ਹਵੀਂ ਸੰਮਤ 1701 ਬਿਕਰਮੀ ਨੂੰ ਭਾਈ ਮਾਈ ਦਾਸ ਦੇ ਗ੍ਰਹਿ ਪਿੰਡ ਅਲੀਪੁਰ ਜ਼ਿਲਾ ਮੁਜ਼ੱਫਰਗੜ੍ਹ ਰਿਆਸਤ ਮੁਲਤਾਨ (ਹਾਲ ਪਾਕਿਸਤਾਨ) ਵਿਖੇ ਮਾਤਾ ਮੱਧਰੀ ਬਾਈ ਦੀ ਕੁੱਖੋਂ ਹੋਇਆ । ਮਹਾਨ ਕੋਸ਼ ਦੇ ਕਰਤਾ ਭਾਈ ਕਾਨ੍ਹ ਸਿੰਘ ਜੀ ਨਾਭਾ ਅਨੁਸਾਰ ਭਾਈ ਮਨੀ ਸਿੰਘ ਦੁੱਲਟ ਚੌਧਰੀ ਕਾਲੀ ਦਾ ਪੁੱਤਰ ਸੀ । ਭਾਈ ਮਨੀ ਸਿੰਘ ਦਾ ਦੁੱਲਟ ਹੋਣਾ ਕੇਵਲ ਗਿਆਨੀ ਗਿਆਨ ਸਿੰਘ ਦੁੱਲਟ ਦੇ ਲੇਖ ਅਨੁਸਾਰ ਲਿਖਿਆ ਗਿਆ ਹੈ । ਅਨੇਕਾਂ ਸੱਜਣ ਭਾਈ ਮਨੀ ਸਿੰਘ ਦਾ ਜਨਮ ਕੈਂਬੋਵਾਲ ਵਿੱਚ ਮੰਨਦੇ ਹਨ ਪਰ ਪ੍ਰਸਿੱਧ ਖੋਜੀ ਵਿਦਵਾਨ ਗਿਆਨੀ ਗਰਜਾ ਸਿੰਘ ਨੇ ਸ਼ਹੀਦ ਬਿਲਾਸ ਨਾਮੀ ਪੁਸਤਕ ਜੋ ਭੱਟ ਵਹੀਆਂ ਦੇ ਅਧਾਰ ਤੇ ਲਿਖੀ ਹੈ, ਵਿੱਚ ਭਾਈ ਮਨੀ ਸਿੰਘ ਦਾ ਜਨਮ ਭਾਈ ਮਾਈ ਦਾਸ ਦੇ ਘਰ 10 ਮਾਰਚ ਸੰਨ 1644 ਈ: ਵਿੱਚ ਮੱਧਰੀ ਬਾਈ ਜੀ ਦੀ ਕੁੱਖੋਂ ਪਿੰਡ ਅਲੀਪੁਰ ਜ਼ਿਲ੍ਹਾ ਮੁਜ਼ੱਫਰਗੜ੍ਹ ਪਾਕਿਸਤਾਨ ਵਿੱਚ ਹੋਇਆ ਲਿਖਿਆ ਹੈ। ਭਾਈ ਮਾਈ ਦਾਸ ਜੀ ਦੀਆਂ ਦੋ ਧਰਮ ਪਤਨੀਆਂ ਮੱਧਰੀ ਬਾਈ ਤੇ ਬੀਬੀ ਲਡਿਕੀ ਸਨ। ਉਹਨਾਂ ਦੋ ਵਿਆਹ ਕੀਤੇ ਹੋਏ ਸਨ । ਦੋਨਾਂ ਪਤਨੀਆਂ (ਪਹਿਲੀ ਮੱਧਰੀ ਬਾਈ ਦੀ ਕੁੱਖ ਤੋਂ 7 ਪੁੱਤਰ ਅਤੇ ਦੂਜੀ ਲਡਿਕੀ ਦੀ ਕੁੱਖ ਤੋਂ 5 ਪੁੱਤਰ) ਤੋਂ 12 ਪੁੱਤਰ ਪੈਦਾ ਹੋਏ । ਭਾਈ ਮਨੀ ਸਿੰਘ ਜੀ ਕੁੱਲ 12 ਭਰਾ ਸਨ।

ਜਦੋਂ ਭਾਈ ਮਨੀ ਸਿੰਘ ਜੀ 13 ਸਾਲ ਦੇ ਹੋਏ ਤਾਂ ਉਹਨਾਂ ਦੇ ਪਿਤਾ ਭਾਈ ਮਾਈ ਦਾਸ ਗੁਰੂ ਹਰਿਰਾਏ ਸਾਹਿਬ ਦੇ ਦਰਸ਼ਨ ਕਰਨ ਲਈ ਸ਼੍ਰੀ ਕੀਰਤਪੁਰ ਸਾਹਿਬ ਲੈ ਆਏ । ਬਾਲਕ ਮਨੀਏ ਨੇ ਜਦ ਸਤਿਗੁਰੂ ਦੇ ਚਰਨਾਂ ਵਿੱਚ ਸੀਸ ਝੁਕਾਇਆ ਤਾਂ ਗੁਰੂ ਜੀ ਨੇ ਹੋਣਹਾਰ ਮਨੀਏ ਨੂੰ ਦੇਖ ਕੇ ਫ਼ਰਮਾਇਆ ਕਿ ਇਹ ਬਾਲਕ ਸਾਰੇ ਜਗਤ ਵਿੱਚ ਪ੍ਰਸਿੱਧੀ ਹਾਸਲ ਕਰੇਗਾ । ਜਦੋਂ ਆਪ 15 ਸਾਲ ਦੇ ਹੋਏ ਤਾਂ ਆਪ ਦਾ ਵਿਆਹ ਭਾਈ ਲੱਖੀ ਰਾਏ ਦੀ ਸਪੁੱਤਰੀ ਬੀਬੀ ਸੀਤੋ ਬਾਈ ਨਾਲ ਹੋਇਆ । ਜਿਨ੍ਹਾਂ ਨੇ ਨੌਵੇਂ ਗੁਰੂ ਸ਼੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਸਮੇਂ ਧੜ ਦਾ ਸਸਕਾਰ ਆਪਣੇ ਘਰ ਲਿਜਾ ਕੇ ਕੀਤਾ । ਭਾਈ ਮਨੀ ਸਿੰਘ ਜੀ ਗੁਰੂ ਹਰਿਰਾਏ ਜੀ ਦੇ ਜੋਤੀ-ਜੋਤਿ ਸਮਾਉਣ ਤੋਂ ਬਾਅਦ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੀ ਸੇਵਾ ਵਿੱਚ ਰਹੇ । ਫਿਰ ਗੁਰੂ ਸਾਹਿਬ ਦੇ ਦਿੱਲੀ ਵਿਖੇ ਜੋਤੀ-ਜੋਤਿ ਸਮਾ ਜਾਣ ਤੋਂ ਬਾਅਦ ਗੁਰੂ ਤੇਗ਼ ਬਹਾਦਰ ਜੀ ਦੀ ਸੇਵਾ ਵਿੱਚ ਬਕਾਲੇ ਪਿੰਡ ਆ ਹਾਜ਼ਰ ਹੋਏ । ਜਦੋਂ ਗੁਰੂ ਤੇਗ਼ ਬਹਾਦਰ ਜੀ ਪੂਰਬ ਦੇ ਇਲਾਕਿਆਂ ਵਿੱਚ ਧਰਮ ਪ੍ਰਚਾਰ ਕਰਕੇ ਵਾਪਸ ਅਨੰਦਪੁਰ ਸਾਹਿਬ ਪੁੱਜੇ ਤਾਂ ਭਾਈ ਮਨੀ ਸਿੰਘ ਜੀ ਵੀ ਅਨੰਦਪੁਰ ਆ ਗਏ। ਇੱਥੇ ਰਹਿ ਕੇ ਭਾਈ ਸਾਹਿਬ ਨੇ ਗੁਰਬਾਣੀ ਦੀਆਂ ਪੋਥੀਆਂ ਦੇ ਉਤਾਰੇ ਕਰਨ ਤੇ ਕਰਵਾਉਣ ਦੀ ਮਹਾਨ ਸੇਵਾ ਸੰਭਾਲੀ । ਜਦ ਗੁਰੂ ਤੇਗ਼ ਬਹਾਦਰ ਜੀ ਸ਼ਹੀਦੀ ਪ੍ਰਾਪਤ ਕਰਨ ਲਈ ਦਿੱਲੀ ਗਏ ਤਾਂ ਭਾਈ ਮਨੀ ਸਿੰਘ ਜੀ ਦੀ ਸੇਵਾ ਗੁਰੂ ਗੋਬਿੰਦ ਸਿੰਘ ਜੀ ਕੋਲ ਠਹਿਰਨ ਦੀ ਲੱਗੀ।

ਸੰਨ 1688 ਈ: ਵਿੱਚ ਭੰਗਾਣੀ ਦਾ ਯੁੱਧ ਹੋਇਆ । ਇਸ ਯੁੱਧ ਵਿੱਚ ਭਾਈ ਮਨੀ ਸਿੰਘ ਜੀ ਨੇ ਬਾਕੀ ਗੁਰਸਿੱਖਾਂ ਨਾਲ ਰਲ ਕੇ ਸੂਰਮਗਤੀ ਦੇ ਜੌਹਰ ਦਿਖਾਏ । ਇਸੇ ਜੰਗ ਵਿੱਚ ਆਪ ਦੇ ਭਰਾ ਭਾਈ ਹਰੀ ਚੰਦ ਜੀ ਸ਼ਹੀਦੀ ਪਾ ਗਏ । ਸੰਨ 1690 ਈ: ਨੂੰ ਨਦੌਣ ਦੀ ਜੰਗ ਵਿੱਚ ਆਪ ਦੀ ਬਹਾਦਰੀ ਤੇ ਗੁਰੂ ਸਿਦਕ ਨੂੰ ਦੇਖ ਕੇ ਗੁਰੂ ਪਾਤਸ਼ਾਹ ਨੇ ਆਪ ਜੀ ਨੂੰ 'ਦੀਵਾਨ' ਦੀ ਉਪਾਧੀ ਬਖਸ਼ੀ। ਜਦੋਂ ਸੰਨ 1699 ਈ: ਨੂੰ ਵਿਸਾਖੀ ਵਾਲੇ ਦਿਨ ਗੁਰੂ ਜੀ ਨੇ ਖ਼ਾਲਸਾ ਸਾਜਿਆ ਤਾਂ ਭਾਈ ਮਨੀ ਸਿੰਘ ਜੀ ਨੇ ਆਪਣੇ ਭਰਾਵਾਂ ਦੇ ਸਪੁੱਤਰਾਂ ਸਮੇਤ ਖੰਡੇ-ਬਾਟੇ ਦੀ ਪਾਹੁਲ ਛਕੀ ਤਾਂ ਆਪ ਦਾ ਨਾਮ 'ਮਨੀਏ' ਤੋਂ 'ਮਨੀ ਸਿੰਘ' ਹੋਇਆ । ਭਾਈ ਸਾਹਿਬ ਅਨੰਦਪੁਰ ਸਾਹਿਬ ਵਿਖੇ ਸੰਗਤਾਂ ਨੂੰ ਹਰ ਰੋਜ਼ ਗੁਰਬਾਣੀ ਦੀ ਕਥਾ ਸੁਣਾਇਆ ਕਰਦੇ ਸਨ । ਅੰਮ੍ਰਿਤਸਰ ਦੇ ਸਿੱਖਾਂ ਵੱਲੋਂ ਬੇਨਤੀ ਕਰਨ ਤੇ ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਮਨੀ ਸਿੰਘ ਜੀ ਨੂੰ ਪੰਜ ਸਿੱਖਾਂ ਸਮੇਤ ਸ਼੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੀ ਸੇਵਾ-ਸੰਭਾਲ ਲਈ ਸੇਵਾਦਾਰ ਨਿਯੁਕਤ ਕਰਕੇ ਭੇਜਿਆ । ਅੰਮ੍ਰਿਤ ਪ੍ਰਚਾਰ ਦੀ ਲਹਿਰ ਵਿੱਚ ਵਾਧਾ ਕਰਕੇ ਸਿੱਖੀ ਦਾ ਬੜੇ ਜ਼ੋਰ-ਸ਼ੋਰ ਨਾਲ ਪ੍ਰਚਾਰ ਕੀਤਾ । ਅਨੰਦਪੁਰ ਸਾਹਿਬ ਦੀ ਪਹਿਲੀ ਜੰਗ ਜਿਸ ਵਿੱਚ ਪਹਾੜੀ ਰਾਜਿਆਂ ਨੇ ਹਾਥੀ ਨੂੰ ਸ਼ਰਾਬ ਪਿਆ ਕੇ ਕਿਲ੍ਹੇ ਦਾ ਦਰਵਾਜ਼ਾ ਤੋੜਨ ਲਈ ਭੇਜਿਆ । ਭਾਈ ਮਨੀ ਸਿੰਘ ਦੇ ਸਪੁੱਤਰਾਂ ਭਾਈ ਬਚਿੱਤਰ ਸਿੰਘ ਤੇ ਭਾਈ ਉਦੇ ਸਿੰਘ ਨੇ ਮੁਕਾਬਲਾ ਕੀਤਾ ਸੀ । ਚਮਕੌਰ ਦੀ ਗੜ੍ਹੀ ਵਿੱਚ ਸ਼ਹੀਦ ਹੋਣ ਵਾਲੇ ਸਿੰਘਾਂ ਵਿੱਚ ਭਾਈ ਸਾਹਿਬ ਜੀ ਦੇ ਪੰਜ ਪੁੱਤਰ ਸ਼ਾਮਲ ਸਨ । ਸੰਮਤ 1761 ਬਿਕਰਮੀ ਸੰਨ 1704 ਈ: ਵਿੱਚ ਜਦ ਗੁਰੂ ਸਾਹਿਬ ਨੇ ਅਨੰਦਪੁਰ ਦਾ ਕਿਲ੍ਹਾ ਛੱਡਿਆ ਤਾਂ ਭਾਈ ਮਨੀ ਸਿੰਘ ਜੀ, ਮਾਤਾ ਸਾਹਿਬ ਕੌਰ ਜੀ ਤੇ ਮਾਤਾ ਸੁੰਦਰੀ ਜੀ ਨੂੰ ਲੈ ਕੇ ਦਿੱਲੀ ਪਹੁੰਚੇ ਤੇ ਉਹਨਾਂ ਦੀ ਸੇਵਾ ਵਿੱਚ ਹਾਜ਼ਰ ਰਹੇ। ਸੰਮਤ 1762-63 ਬਿਕਰਮੀ ਸੰਨ 1705-06 ਈ: ਵਿੱਚ ਭਾਈ ਮਨੀ ਸਿੰਘ ਜੀ, ਮਾਤਾ ਸਾਹਿਬ ਕੌਰ ਜੀ ਨਾਲ ਦਮਦਮਾ ਸਾਹਿਬ ਪੁੱਜੇ । ਇੱਥੇ ਹੀ ਕਲਗ਼ੀਧਰ ਪਾਤਸ਼ਾਹ ਸਾਹਿਬ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਮਨੀ ਸਿੰਘ ਜੀ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ 'ਦਮਦਮੀ ਬੀੜ'




ਲਿਖਵਾਈ । ਇਸ ਗ੍ਰੰਥ ਵਿੱਚ ਸ਼੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵੀ ਦਰਜ ਕਰਵਾਈ । ਇਸੇ ਬੀੜ ਨੂੰ ਮਗਰੋਂ ਨਾਦੇੜ ਵਿਖੇ ਗੁਰਗੱਦੀ ਪ੍ਰਦਾਨ ਕੀਤੀ ਗਈ ।

ਬਾਬਾ ਬੰਦਾ ਸਿੰਘ ਬਹਾਦਰ ਜੀ ਦੀ ਸ਼ਹੀਦੀ ਪਿੱਛੋਂ ਜਦੋਂ ਸਿੱਖਾਂ ਵਿੱਚ ਤੱਤ ਖਾਲਸਾ ਤੇ ਬੰਦਈ ਖਾਲਸਾ ਵਿੱਚ ਮੱਤ-ਭੇਦ ਹੋ ਗਏ ਤਾਂ ਝਗੜਾ ਨਿਬੇੜਨ ਲਈ ਮਾਤਾ ਸੁੰਦਰੀ ਜੀ ਨੇ ਭਾਈ ਮਨੀ ਸਿੰਘ ਜੀ ਨੂੰ ਅੰਮ੍ਰਿਤਸਰ ਭੇਜਿਆ । ਜਦੋਂ ਉਹ ਅੰਮ੍ਰਿਤਸਰ ਆਏ ਤਾਂ ਦੋਹਾਂ ਧੜਿਆਂ ਨੇ ਕਿਹਾ ਕਿ ਦਰਬਾਰ ਸਾਹਿਬ ਦੇ ਪ੍ਰਬੰਧ ਦੀ ਜ਼ੁੰਮੇਵਾਰੀ ਆਪ ਜੀ ਦੇ ਸੰਭਾਲਣ 'ਤੇ ਹੀ ਝਗੜਾ ਨਿੱਬੜ ਸਕਦਾ ਹੈ । ਸੋ ਸੰਨ 1721 ਈ: ਸੰਮਤ 1778 ਬਿਕਰਮੀ ਵਿੱਚ ਆਪ ਜੀ ਨੂੰ ਸ਼੍ਰੀ ਹਰਿਮੰਦਰ ਸਾਹਿਬ ਜੀ ਦਾ ਗ੍ਰੰਥੀ ਥਾਪਿਆ । ਇਹ ਸੇਵਾ ਕਰਦਿਆਂ ਭਾਈ ਮਨੀ ਸਿੰਘ ਜੀ ਨੇ 'ਗਿਆਨ ਰਤਨਾਵਲੀ' ਤੇ 'ਭਗਤ ਰਤਨਾਵਲੀ' ਪੁਸਤਕਾਂ ਦੀ ਰਚਨਾ ਕੀਤੀ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਇੱਕ ਹੱਥ ਲਿਖਤ ਬੀੜ ਵੀ ਤਿਆਰ ਕੀਤੀ।

ਭਾਈ ਮਨੀ ਸਿੰਘ ਜੀ ਤਪੱਸਵੀ, ਕੁਸ਼ਲ ਲਿਖਾਰੀ, ਗੁਰਬਾਣੀ ਅਰਥ-ਬੋਧ ਦੇ ਗਿਆਤਾ, ਤੀਰ ਅੰਦਾਜ਼ੀ ਤੇ ਤਲਵਾਰ ਚਲਾਉਣ ਵਿੱਚ ਨਿਪੁੰਨ ਸਨ । ਸਰੀਰਕ ਪੱਖੋਂ ਪਤਲੇ, ਚੁਸਤ ਤੇ ਮਜ਼ਬੂਤ ਜੁੱਸੇ ਵਾਲੇ ਫੁਰਤੀਲੇ ਜੁਝਾਰੂ ਸਨ । ਜੰਗੇ-ਮੈਦਾਨ ਵਿੱਚ ਜਦ ਜੂਝਦੇ ਤਾਂ ਹਨੇਰੀ ਲੈ ਆਉਂਦੇ । ਜਦ ਗੁਰੂ ਦਰਬਾਰ ਵਿੱਚ ਕਥਾ ਕਰਦੇ ਤਾਂ ਸੰਗਤਾਂ ਵਿੱਚ ਸਿਦਕ ਤੇ ਉਤਸ਼ਾਹ ਭਰ ਦਿੰਦੇ । ਭਾਈ ਮਨੀ ਸਿੰਘ ਦਾ ਸਾਰਾ ਪਰਿਵਾਰ 11 ਭਰਾ, 10 ਪੁੱਤਰਾਂ ਵਿੱਚੋਂ 7 ਪੁੱਤਰ ਤੇ ਕਈ ਪੋਤਰੇ ਸਿੱਖੀ ਸਿਦਕ ਨੂੰ ਨਿਭਾਉਂਦੇ ਹੋਏ ਸ਼ਹੀਦੀ ਪ੍ਰਾਪਤ ਕਰ ਗਏ ।

18ਵੀਂ ਸਦੀ ਦੇ ਆਰੰਭ ਵਿੱਚ ਇੱਕ ਪਾਸੇ ਸਿੱਖਾਂ ਤੇ ਅੱਤਿਆਚਾਰ ਹੋ ਰਹੇ ਸਨ, ਦੂਜੇ ਪਾਸੇ ਉਹਨਾਂ ਨੂੰ ਹਰਿਮੰਦਰ ਸਾਹਿਬ ਆਉਣ ਦੀ ਆਗਿਆ ਨਹੀਂ ਸੀ ਦਿੱਤੀ ਜਾਂਦੀ । ਜਦੋਂ ਉਹ ਆਉਂਦੇ ਸਨ ਤਾਂ ਉਹਨਾਂ ਨੂੰ ਫੜ ਕੇ ਸ਼ਹੀਦ ਕਰ ਦਿੱਤਾ ਜਾਂਦਾ ਸੀ । ਅੰਮ੍ਰਿਤਸਰ ਦੀ ਦੀਵਾਲੀ ਦਾ ਮੇਲਾ ਕਈ ਸਾਲਾਂ ਤੋਂ ਲਾਹੌਰ ਦੇ ਹਾਕਮਾਂ ਨੇ ਬੰਦ ਕਰ ਦਿੱਤਾ ਸੀ । ਭਾਈ ਮਨੀ ਸਿੰਘ ਨੇ ਭਾਈ ਸੂਰਤ ਸਿੰਘ ਤੇ ਭਾਈ ਸੁਬੇਗ ਸਿੰਘ ਦੀ ਮਦਦ ਨਾਲ ਦੀਵਾਲੀ ਦੇ ਮੌਕੇ 'ਤੇ ਅੰਮ੍ਰਿਤਸਰ ਵਿੱਚ ਮੇਲਾ ਕਰਨ ਦੀ ਲਾਹੌਰ ਦੇ ਸੂਬੇਦਾਰ ਤੋਂ ਆਗਿਆ ਲੈ ਲਈ । ਲਾਹੌਰ ਦੇ ਹਾਕਮਾਂ ਨੇ ਇੱਕ ਸ਼ਰਤ ਤੇ ਮੇਲਾ ਕਰਨ ਦੀ ਆਗਿਆ ਦਿੱਤੀ ਕਿ ਜੇਕਰ ਉਹਨਾਂ ਨੂੰ ਬਤੌਰ ਮੇਲਾ ਟੈਕਸ ਪੰਜ ਹਜ਼ਾਰ ਰੁਪਏ ਕੁਝ ਇਤਿਹਾਸਕਾਰਾਂ ਅਨੁਸਾਰ ਦਸ ਹਜ਼ਾਰ ਰੁਪਏ ਅਦਾ ਕੀਤਾ ਜਾਵੇ । ਭਾਈ ਮਨੀ ਸਿੰਘ ਜੀ ਨੇ ਦੂਰ- ਨੇੜੇ ਸਿੱਖ ਸੰਗਤਾਂ ਨੂੰ ਸ਼੍ਰੀ ਅੰਮ੍ਰਿਤਸਰ ਦੀਵਾਲੀ ਤੇ ਆਉਣ ਲਈ ਸੱਦੇ ਭੇਜ ਦਿੱਤੇ ਗਏ, ਸਾਰੇ ਪ੍ਰਬੰਧ ਮੁਕੰਮਲ ਕਰ ਲਏ ਸਨ । ਦੂਜੇ ਪਾਸੇ ਮੁਗ਼ਲ ਹਾਕਮਾਂ, ਪੰਥ ਵਿਰੋਧੀ ਤਾਕਤਾਂ, ਲਾਹੌਰ ਦਰਬਾਰ ਨੇ ਦਿੱਲੀ ਦੇ ਤਖ਼ਤ ਦੀ ਸ਼ਹਿ ਨਾਲ ਇੱਕ ਡੂੰਗੀ ਸਾਜਿਸ਼ ਤਿਆਰ ਕੀਤੀ ਕਿ ਜਦੋਂ ਸਿੱਖ ਵੱਡੀ ਤਾਦਾਦ ਵਿੱਚ ਅੰਮ੍ਰਿਤਸਰ ਇਕੱਠੇ ਹੋਣ ਤਾਂ ਉਹਨਾਂ ਨੂੰ ਘੇਰਾ ਪਾ ਕੇ ਕਤਲ ਕਰ ਦਿੱਤਾ ਜਾਵੇ । ਉਹਨਾਂ ਨੇ ਆਪਣੀਆਂ ਫ਼ੌਜਾਂ ਅੰਮ੍ਰਿਤਸਰ ਦੇ ਆਲੇ-ਦੁਆਲੇ ਉਤਾਰਨੀਆਂ ਸ਼ੁਰੂ ਕਰ ਦਿੱਤੀਆਂ । ਜਿਸ ਕਰਕੇ ਲੋਕ ਮੇਲੇ ਤੇ ਨਾ ਆਏ, ਨਾ ਸੰਗਤ ਇਕੱਠੀ ਹੋਈ ਤੇ ਨਾ ਚੜ੍ਹਾਵੇ ਦੀ ਆਮਦਨ ਹੋਈ । ਭਾਈ ਮਨੀ ਸਿੰਘ ਜੀ ਨੇ ਵੇਲੇ ਸਿਰ ਪਤਾ ਲੱਗ ਜਾਣ 'ਤੇ ਸੰਗਤਾਂ ਨੂੰ ਰੋਕ ਦਿੱਤਾ ਤੇ ਆਪਣੀ ਸੂਝ-ਬੂਝ ਨਾਲ ਕੌਮ ਨੂੰ ਬਚਾ ਲਿਆ । ਜਦੋਂ ਲਾਹੌਰ ਦੇ ਸੂਬੇਦਾਰ ਨੇ ਮੇਲਾ ਟੈਕਸ (ਜਜੀਆ) ਅਦਾ ਕਰਨ ਲਈ ਭਾਈ ਮਨੀ ਸਿੰਘ ਜੀ ਨੂੰ ਕਿਹਾ ਤਾਂ ਭਾਈ ਮਨੀ ਸਿੰਘ ਜੀ ਨੇ ਉੱਤਰ ਦਿੱਤਾ ਕਿ ਜਦੋਂ ਮੇਲਾ ਲੱਗਾ ਹੀ ਨਹੀਂ ਫਿਰ ਟੈਕਸ ਕਾਹਦਾ ਅਦਾ ਕਰਾਂ । ਭਾਈ ਮਨੀ ਸਿੰਘ ਪਰਿਵਾਰ ਦੇ ਮੈਂਬਰਾਂ ਤੇ ਨੇੜਲੇ ਸੰਬੰਧੀਆਂ ਨੂੰ ਬੰਦੀ ਬਣਾ ਕੇ ਲਾਹੌਰ ਲਿਜਾਇਆ ਗਿਆ ਜਿੱਥੇ ਉਹਨਾਂ ਨੂੰ ਇਸਲਾਮ ਕਬੂਲ ਕਰਨ ਲਈ ਆਖਿਆ ਤੇ ਭਾਰੀ ਲਾਲਚ ਦਿੱਤੇ ਗਏ । ਭਾਈ ਸਾਹਿਬ ਲਾਹੌਰ ਜ਼ੇਲ੍ਹ ਵਿੱਚ ਵੀ ਸਵੇਰੇ- ਸ਼ਾਮ ਨਿੱਤਨੇਮ ਤੇ ਕਥਾ ਜ਼ਰੂਰ ਕਰਦੇ । ਜਦੋਂ ਭਾਈ ਸਾਹਿਬ ਨੇ ਲਾਹੌਰ ਦੇ ਸੂਬੇਦਾਰ ਵੱਲੋਂ ਦਿੱਤੇ ਲਾਲਚ ਮੰਨਣ ਤੋਂ ਇਨਕਾਰ ਕਰ ਦਿੱਤਾ ਤਾਂ ਲਾਹੌਰ ਦੇ ਸੂਬੇਦਾਰ ਨੂੰ ਭਾਈ ਮਨੀ ਸਿੰਘ ਜੀ ਨੇ ਕਿਹਾ ਕਿ ਭਾਵੇਂ ਮੇਰਾ ਬੰਦ-ਬੰਦ ਕੱਟ ਦਿਓ ਪਰ ਮੈਂ ਸਿੱਖੀ ਸਿਦਕ ਨਹੀਂ ਛੱਡ ਸਕਦਾ । ਲਾਹੌਰ ਦੇ ਸੂਬੇਦਾਰ ਨੇ ਜਲਾਦਾਂ ਨੂੰ ਕਿਹਾ ਕਿ ਭਾਈ ਮਨੀ ਸਿੰਘ ਜੀ ਦਾ ਬੰਦ-ਬੰਦ ਕੱਟ ਦਿੱਤਾ ਜਾਵੇ । ਜਦੋਂ ਜਲਾਦਾਂ ਨੇ ਭਾਈ ਮਨੀ ਸਿੰਘ ਜੀ ਦਾ ਹੱਥ ਪੱਥਰ ਤੇ ਰੱਖ ਕੇ ਵੀਣੀ (ਗੁੱਟ) ਕੋਲੋਂ ਵੱਢਣਾ ਸ਼ੁਰੂ ਕੀਤਾ ਤਾਂ ਭਾਈ ਮਨੀ ਸਿੰਘ ਜੀ ਨੇ ਉਸ ਨੂੰ ਕਿਹਾ ਕਿ ਉਸ ਨੇ ਉਗਲੀਆਂ ਦੇ ਕਿੰਨੇ ਜੋੜ ਛੱਡ ਦਿੱਤੇ ਹਨ । ਜਦੋਂ ਉਸ ਨੂੰ ਬੰਦ-ਬੰਦ ਕੱਟਣ ਲਈ ਕਿਹਾ ਗਿਆ ਹੈ ਤਾਂ ਉਹ ਆਪਣੇ ਮਾਲਕ ਦੇ ਹੁਕਮ ਦੀ ਪਾਲਣਾ ਕਿਉਂ ਨਹੀਂ ਕਰਦਾ । ਭਾਈ ਮਨੀ ਸਿੰਘ ਨੂੰ ਅਸਹਿ ਤੇ ਅਕਹਿ ਕਸ਼ਟ ਦਿੰਦਿਆਂ 1734 ਈ: ਨੂੰ ਕੁਝ ਇਤਿਹਾਸਕਾਰਾਂ ਤੇ ਲੇਖਕਾਂ ਅਨੁਸਾਰ, ਪਰ ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਸੰਮਤ 1794 ਬਿਕਰਮੀ ਹਾੜ ਸੁਦੀ ਪੰਚਮੀ ਸੰਨ 1737 ਈ: (93 ਸਾਲ ਦੀ ਉਮਰ ਵਿੱਚ) ਲਾਹੌਰ ਦੇ ਨਖਾਸ ਚੌਂਕ 'ਚ ਬੰਦ-ਬੰਦ ਕੱਟ ਕੇ ਸ਼ਹੀਦ ਕੀਤਾ । ਮੁਹੰਮਦ ਲਤੀਫ਼ ਨੇ ਭਾਈ ਮਨੀ ਸਿੰਘ ਦਾ ਸ਼ਹੀਦ ਹੋਣਾ ਸੰਮਤ 1785 ਬਿਕਰਮੀ ਮੀਰ ਮੰਨੂ ਦੀ ਅਗਵਾਈ ਵਿੱਚ ਲਿਖਿਆ ਹੈ । ਭਾਈ ਗਿਆਨ ਸਿੰਘ ਮੱਘਰ ਸੁਦੀ 5, ਸੰਮਤ 1795 ਬਿਕਰਮੀ ਸੰਨ 1738 ਈ: ਲਿਖਦਾ ਹੈ । ਭਾਈ ਮਨੀ ਸਿੰਘ ਨੇ ਜਿੱਥੇ ਸ਼ਹੀਦੀ ਪਾਈ, ਉੱਥੇ ਪਵਿੱਤਰ ਸ਼ਹੀਦ ਗੰਜ ਗੁਰਦੁਆਰਾ ਲਾਹੌਰ ਦੇ ਕਿਲ੍ਹੇ ਕੋਲ ਬਣਿਆ ਹੋਇਆ ਹੈ ।

**ਕਰਨੈਲ ਸਿੰਘ ਐੱਮ.ਏ.**
**ਲੁਧਿਆਣਾ**
**# 1138/63-ਏ, ਗੁਰੂ ਤੇਗ ਬਹਾਦਰ ਨਗਰ,**
**ਗਲੀ ਨੰਬਰ 1, ਚੰਡੀਗੜ੍ਹ ਰੋਡ,**
**ਜਮਾਲਪੁਰ, ਲੁਧਿਆਣਾ।**



# ਜਾਗਣ ਦਾ ਵੇਲਾ




ਵਿਦਿਆ ਦਾ ਚਾਨਣ ਹੀ ਬੰਦੇ ਨੂੰ ਜਗਾਉਂਦਾ ਹੈ। ਜਾਗਣ ਦਾ ਵੇਲਾ, ਭਾਵ ਸਮੇਂ ਦੇ ਹਾਣ ਦਾ ਹੋਣਾ ਹੈ। ਜਿਸਨੇ ਆਪਣਾ ਵੇਲਾ ਸੰਭਾਲ ਲਿਆ ਉਸ ਵਰਗਾ ਸਮਝਦਾਰ,ਸਿਆਣਾ ਕੋਈ ਨਹੀਂ। ਭਾਰਤ ਭਾਵੇਂ ਬਹੁਤ ਸਮਝਦਾਰੀ ਨਾਲ ਆਪਣੇ ਗੁਆਂਢੀ ਮੁਲਕਾਂ ਨਾਲ ਨਜਿੱਠਦਾ ਹੈ, ਪਰ ਕਈ ਵਾਰ ਦੁਸ਼ਮਣ ਦੀ ਪਹਿਚਾਣ ਬਹੁਰੂਪੀਆ ਹੋਣ ਕਰਕੇ ਮੁਸ਼ਕਲ ਹੋ ਜਾਂਦੀ ਹੈ।

ਸਰਹੱਦ ਉੱਤੇ ਜੰਗਾਂ ਲੜਾਈਆਂ ਤਾਂ ਦੇਸ਼ ਦੀ ਰੱਖਿਆ ਵਾਸਤੇ ਮਜਬੂਰੀ ਨੂੰ ਲੜਨੀਆਂ ਪੈਂਦੀਆਂ ਹਨ। ਨਾ ਚਾਹੁੰਦੇ ਹੋਏ ਵੀ ਕੁਝ ਸਿਆਸਤਦਾਨਾਂ ਦੇ ਬਖੇੜੇ ਪਾਏ ਹੁੰਦੇ ਹਨ। ਚੀਨ, ਹਿੰਦ ਮਹਾਸਾਗਰ ਤੱਕ ਪਹੁੰਚ ਬਣਾਉਣ ਵਾਸਤੇ ਪਾਕਿਸਤਾਨ ਵਿੱਚ ਹਾਈਵੇਅ ਬਣਾਕੇ ਨਾਲ ਲੱਗਦੇ ਖਾੜੀ ਦੇ ਅਤੇ ਅਫਰੀਕਨ ਦੇਸ਼ਾਂ ਤੋਂ ਮੰਡੀਕਰਨ ਦਾ ਲਾਭ ਉਠਾਉਂਦਾ ਹੈ। ਨਾਲ ਦੀ ਨਾਲ ਪਾਕਿਸਤਾਨ ਨੂੰ ਜੰਗੀ ਸਾਜ਼ੋ ਸਮਾਨ ਅਤੇ ਹਥਿਆਰ ਸਪਲਾਈ ਕਰਕੇ ਭਾਰਤ ਵਿਰੁੱਧ ਦੁਸ਼ਮਣੀ ਵਧਾਉਂਦਾ ਹੈ। ਪਾਕਿ-ਸਤਾਨ ਨੂੰ ਹੋਰ ਵੀ ਫਾਇਦਾ ਹੁੰਦਾ ਹੈ ਕਿ ਉਹ ਆਪਣੇ ਆਪ ਤਾਂ ਹਾਈਵੇਅ ਬਣਾ ਨ੍ਹੀਂ ਸਕਦਾ ਘੋਰ ਗ਼ਰੀਬੀ ਕਰਕੇ। ਅਸਲ ਦੁਸ਼ਮਣ ਤਾਂ ਚੀਨ ਹੀ ਹੈ। ਥਲ ਸੈਨਾ ਦੇ ਉਪ ਮੁਖੀ ਰਾਹੁਲ ਆਰ ਸਿੰਘ ਵੀ ਕਹਿੰਦੇ ਹਨ ਕਿ ਚੀਨ, ਭਾਰਤ-ਪਾਕਿਸਤਾਨ ਨੂੰ ਪ੍ਰਯੋਗਸ਼ਾਲਾ ਵਾਂਗ ਵਰਤ ਰਿਹਾ ਹੈ। ਚੀਨ ਆਪਣੇ ਉਪਗ੍ਰਹਿਆਂ ਰਾਹੀਂ ਭਾਰਤੀ ਸੈਨਾ ਦੀ ਨਿਗਰਾਨੀ ਅਤੇ ਤਾਇਨਾਤੀ ਦੀ, ਡੀਜੀਐਮਓ ਪੱਧਰ ਦੀ ਵਾਰਤਾ ਦੌਰਾਨ, ਸਿੱਧੀ ਜਾਣਕਾਰੀ ਪਾਕਿਸਤਾਨੀ ਸੈਨਾ ਨੂੰ ਭੇਜਦਾ ਰਿਹਾ ਸੀ। ਉਹ ਜੋ ਕਰ ਕਰ ਰਿਹਾ ਸੀ,ਅਸੀਂ ਜਾਣਦੇ ਹਾਂ। ਤੁਹਾਡਾ ਵੈਕਟਰ (ਮਿਜ਼ਾਇਲ ਪ੍ਰਣਾਲੀ) ਸਰਗਰਮ ਹੈ। ਜੰਗ ਦਾ ਖੇਤਰ ਇੱਕ ਅਜਿਹਾ ਖੇਤਰ ਹੈ ਜਿੱਥੇ ਸਾਨੂੰ ਤੇਜ਼ੀ ਨਾਲ ਅੱਗੇ ਵਧਣ ਅਤੇ ਢੁਕਵੀਂ ਕਾਰਵਾਈ ਕਰਨ ਦੀ ਲੋੜ ਹੈ।ਭਾਰਤ ਦੀ ਵੰਡ ਤੋਂ ਬਾਅਦ, ਚੀਨ ਇੱਕ ਨਾ ਇੱਕ ਖੇਤਰ ਵਿੱਚ, ਸਰਹੱਦ ਦੇ ਨਾਲ ਨਾਲ, ਗੜਬੜ ਕਰਕੇ, ਏਰੀਆ ਹੜੱਪਣ ਤੇ ਲੱਗਿਆ ਹੋਇਆ ਹੈ।

1962 ਦੀ ਲੜਾਈ ਤੋਂ ਪਹਿਲਾਂ ਚੀਨ ਨੇ ਤਿੱਬਤ ਨੂੰ ਮਗਰਮੱਛ ਦੀ ਤਰ੍ਹਾਂ ਹੜੱਪ ਕੇ ਇਸ ਤੇ ਕਬਜ਼ਾ ਕਰ ਲਿਆ ਸੀ, ਉਥੋਂ ਦਾ ਦਲਾਈਲਾਮਾ ਤੇ ਤਿੱਬਤੀ ਲੋਕ ਭੱਜ ਕੇ ਇੰਡੀਆ ਆ ਗਏ ਸਨ। ਇੱਥੇ ਆ ਕੇ ਧਰਮਸ਼ਾਲਾ ਨੇੜੇ ਮੈਕਲੋਡਗੰਜ ਕੈਂਪ ਵਿੱਚ ਪਨਾਹ ਲਈ ਸੀ। ਕੁਝ ਕੁ ਤਿੱਬਤੀ ਦਿੱਲੀ ਦੇ ਆਲੇ ਦੁਆਲੇ ਕਲੋਨੀਆਂ ਵਿੱਚ ਵਸ ਗਏ ਸਨ। ਹੁਣ ਦਲਾਈ ਲਾਮਾ 90 ਸਾਲ ਤੋਂ ਉੱਪਰ ਹੋ ਰਹੇ ਹਨ ਅਤੇ। ਤਿੱਬਤੀਆਂ ਦੀ ਜਲਾਵਤਨ ਸਰਕਾਰ, ਉਨ੍ਹਾਂ ਦੀ ਇੱਛਾ ਮੁਤਾਬਕ ਹੀ ਚੱਲੇਗੀ। ਅੱਜ ਦੀ ਕੁਰੱਖਤ ਦੁਨੀਆਂ ਵਿੱਚ ਹਰ ਦੇਸ਼ ਆਪਣੀ ਸੁਰੱਖਿਆ ਨੂੰ ਤਰਜੀਹ ਦਿੰਦਾ ਹੈ ਇਸ ਮਾਮਲੇ ਵਿੱਚ ਭਾਰਤ, ਚੀਨ ਦੀ ਬੇਲੋੜੀ ਨਰਾਜ਼ਗੀ ਮੁੱਲ ਨਹੀਂ ਲਵੇਗਾ। ਭਾਵੇਂ ਭਾਰਤ ਤਿੱਬਤੀਆਂ ਦੇ ਧਾਰਮਿਕ ਅਕੀਦੇ ਨੂੰ ਲੈ ਕੇ ਕੋਈ ਰੁਖ ਨਹੀਂ ਅਪਣਾਉਣਾ ਚਾਹੁੰਦਾ।ਸੰਸਦੀ ਮਾਮਲਿਆਂ ਬਾਰੇ ਰਾਜ ਮੰਤਰੀ ਕਿਰਨ ਰਿੱਜਿਜੂ ਜੋ ਅਰੁਣਾਚਲ ਤੋਂ ਹਨ, ਅਨੁਸਾਰ 6ਵੇਂ ਦਲਾਈਲਾਮਾ ਦਾ ਜਨਮ,ਅਰੁਣਾਂਚਲ ਦੇ ਤਵਾਂਗ ਵਿੱਚ ਹੋਇਆ ਸੀ,14ਵੇਂ ਦਲਾਈਲਾਮਾ 1959 ਵਿੱਚ ਤਿੱਬਤ ਤੋਂ ਭੱਜ ਕੇ ਭਾਰਤ ਆ ਗਏ ਸਨ। ਤਿਬਤੀ ਬੁੱਧ ਧਰਮ ਦੀ ਪਵਿੱਤਰ ਸੰਸਥਾ ਬਾਰੇ ਹੋਰ ਕਿਸੇ ਨੂੰ ਫੈਸਲਾ ਲੈਣ ਦਾ ਹੱਕ ਨਹੀਂ। ਉਪਰੋਕਤ ਦੇ ਬਾਵਜੂਦ ਮੋਦੀ ਸਰਕਾਰ ਦੀ ਸਮੁੱਚੇ ਬਿਰਤਾਂਤ ਨੂੰ ਮੋੜਾ ਦੇਣ ਦੀ ਹੈ ਇਸੇ ਕਰਕੇ ਪਾਕਿਸਤਾਨ ਦੀ ਹਾਕੀ ਟੀਮ ਨੂੰ ਅਗਲੇ ਕੁਝ ਮਹੀਨਿਆਂ ਵਿੱਚ ਭਾਰਤ ਵਿੱਚ ਦੋ ਟੂਰਨਾਮੈਂਟ : ਏਸ਼ੀਆ ਕੱਪ, ਪੁਰਸ਼ ਜੂਨੀਅਰ ਵਿਸ਼ਵ ਕੱਪ, ਖੇਡਣ ਦੀ ਇਜਾਜ਼ਤ ਦੇ ਰਹੀ ਹੈ। ਇਹ ਟੂਰਨਾਮੈਂਟ ਦੁਪਾਸੜ ਨਹੀਂ ਹਨ ਸਗੋਂ ਕੌਮਾਂਤਰੀ ਟੂਰਨਾਮੈਂਟ ਹਨ। ਇਹ ਖੁੱਲ-ਦਿਲੀ ਮਿੱਤਰਤਾ ਦਾ ਹੱਥ ਅੱਗੇ ਵਧਾਉਣ ਲਈ ਦਿੱਤੀ ਗਈ ਹੈ। ਅੱਗੇ ਹੁਣ ਉਥੋਂ ਦੇ ਸਿਆਸਤਦਾਨਾਂ ਤੇ ਨਿਰਭਰ ਕਰਦਾ ਹੈ ਕਿ ਉਹ ਇਸ ਨੂੰ ਕਿੰਨਾ ਹੁੰਗਾਰਾ ਦਿੰਦੇ ਹਨ।

ਕਿਸੇ ਦੀ ਜ਼ਮੀਰ ਜਗਾ ਕੇ, ਯੋਗ ਅਗਵਾਈ ਕਰਕੇ, ਉਸਨੂੰ ਜਗਾ ਦਿੱਤਾ ਜਾਵੇ, ਇਹ ਬਹੁਤ ਹੀ ਪੁੰਨ ਦਾ ਕੰਮ ਹੈ। ਇਤਿਹਾਸ ਇਹਨਾਂ ਉਦਾਹਰਨਾਂ ਨਾਲ ਭਰਿਆ ਪਿਆ ਹੈ। ਫਿਲੋਸਫਰ ਪ੍ਰੋਫੈਸਰ ਹਿੰਮਤ ਸਿੰਘ ਦੇ ਨਾਲ ਵੀ ਕੁਝ ਅਜਿਹਾ ਹੀ ਵਾਪਰਿਆ। 1941 ਵਿੱਚ ਕਸ਼ਮੀਰ ਦੇ ਬਾਰਾਮੁਲਾ, ਪਾਂਜਲ ਵਿਖੇ ਜਨਮ ਹੋਇਆ, ਚਾਰ ਭੈਣਾਂ ਤੋਂ ਬਾਅਦ ਉਨ੍ਹਾਂ ਦਾ ਜਨਮ ਹੋਇਆ। ਭੈਣਾਂ ਕਾਫੀ ਵੱਡੀਆਂ ਸਨ, ਕਹਿੰਦੇ ਮੇਰੀ ਬਦਕਿਸਮਤੀ ਇਹ ਹੋਈ ਕਿ ਜਦੋਂ ਮੈਂ ਡੇਢ ਸਾਲ ਦਾ ਸੀ ਮੇਰੀ ਮਾਂ ਚਲਾਣਾ ਕਰ ਗਈ। ਮੇਰੀ ਪਾਲਣਾ ਪੋਸਣਾ ਮੇਰੇ ਨਾਨਕੇ ਘਰ ਹੋਈ, ਨਾਨਾ ਨਾਨੀ ਨੇ ਸੰਭਾਲਿਆ। ਵੱਡੀਆਂ ਭੈਣਾਂ ਵਿਆਹੀਆਂ ਗਈਆਂ ਸਨ, ਸਭ ਤੋਂ ਛੋਟੀ ਭੈਣ ਦਾ ਵਿਆਹ 1950 ਵਿੱਚ ਪਟਿਆਲੇ, ਮਹਾਰਾਜਾ ਯਾਦਵਿੰਦਰ ਸਿੰਘ ਦੀ ਸਕਿਉਰਟੀ ਵਿੱਚ ਕੰਮ ਕਰਦੇ ਗਾਰਡ ਨਾਲ ਵਿਆਹ ਹੋਇਆ। ਮੈਨੂੰ ਵੀ ਭੈਣ ਦੇ ਨਾਲ ਹੀ ਪਟਿਆਲੇ ਭੇਜ ਦਿੱਤਾ ਗਿਆ। ਸੇਵਕ ਜੱਥਾ ਸਕੂਲ (ਸਾਹਮਣੇ ਸੇਵਾ ਸਿੰਘ ਠੀਕਰੀਵਾਲਾ ਚੌਂਕ) ਵਿੱਚ ਮੈਨੂੰ ਪੜ੍ਹਨੇ ਪਾਇਆ। ਮੇਰੀ ਖੁਸ਼ੀ ਦਾ ਕੋਈ ਅੰਤ ਨਾ ਰਿਹਾ ਕਿ ਪੜ੍ਹਾਈ ਦਾ ਮਾਧਿਅਮ ਗੁਰਮੁਖੀ ਸੀ। ਦਸਵੀਂ ਵਿੱਚ ਟਿਊਸ਼ਨਾਂ ਕਰਕੇ ਮੈਟਰਿਕ ਕੀਤੀ। ਉਸ ਤੋਂ ਬਾਅਦ ਐਫਏ ਬੀਏ ਟੁੱਟਵੇਂ ਰੂਪ ਵਿੱਚ ਕੀਤੀ।ਉਸ ਤੋਂ ਬਾਅਦ ਜੁਗਾੜ ਲਾ ਕੇ ਪੰਜਾਬੀ, ਪਰਸ਼ੀਅਨ ਅਤੇ ਫਿਲੋਸਫੀ ਐਮਏ ਕੀਤੀਆਂ, ਉਪ੍ਰੰਤ ਪੀਐਚਡੀ ਵੀ ਕੀਤੀ।

ਮੇਰਾ ਜਾਤੀ ਤਜਰਬਾ ਵੀ ਕੁਝ ਇਸੇ ਤਰ੍ਹਾਂ ਦੀ ਸੀ।ਤੀਸਰੇ ਦਰਜੇ ਵਿੱਚ ਦਸਵੀਂ ਪਾਸ ਕਰਕੇ ਮਹਿੰਦਰਾ ਕਾਲਜ ਵਿੱਚ ਦਾਖਲਾ ਲਿਆ ਪੰਜਾਬੀ ਯੂਨੀਵਰਸਿਟੀ ਨਵੀਂ ਨਵੀਂ ਬਣੀ ਸੀ, ਪ੍ਰੈਪ ਦਾ ਇਮਤਿਹਾਨ 40 ਪ੍ਰਤੀਸ਼ਤ ਨੰਬਰਾਂ ਨਾਲ ਪਾਸ ਕੀਤਾ। ਮੇਰੇ ਜੀਜਾ ਜੀ ਅੰਮ੍ਰਿਤਸਰ ਤੋਂ ਟੈਕਨੀਸ਼ਨ ਦਾ ਕੋਰਸ ਕਰਕੇ ਪੀਜੀਆਈ ਚੰਡੀਗੜ੍ਹ ਵਿੱਚ ਟੈਕਨੀਸ਼ੀਅਨ ਲੱਗੇ ਸਨ, ਸਾਡੇ ਕੋਲ ਪਿੰਡ ਆਏ ਰਾਤ ਨੂੰ ਗੱਲਾਂ ਬਾਤਾਂ ਹੁੰਦੀਆਂ ਰਹੀਆਂ, ਉਹ ਕਹਿੰਦੇ ਚੰਡੀਗੜ੍ਹ ਚੱਲ, ਯਾਰ ਮੈਂ ਉੱਥੇ ਇਕੱਲਾ ਹਾਂ! ਇਕੱਠੇ ਰਿਹਾ ਕਰਾਂਗੇ ਤੂੰ ਉੱਥੇ ਦਾਖਲਾ ਲੈ ਲੈ। ਨੰਬਰ ਘੱਟ ਹੋਣ ਕਰਕੇ ਸਰਕਾਰੀ ਕਾਲਜ ਵਿੱਚ ਦਾਖਲਾ ਨਾ ਮਿਲਿਆ, ਡੀਏਵੀ ਕਾਲਜ ਵਿੱਚ ਉਹਨਾਂ ਦਾ ਇੱਕ ਮਿੱਤਰ ਸੀ, ਕਾਲਜ ਵੀ ਨਵਾਂ ਨਵਾਂ ਖੁੱਲਿਆ ਸੀ ਉੱਥੇ ਦਾਖਲਾ ਮਿਲ ਗਿਆ। ਬੀਏ ਦੇ ਪਹਿਲੇ ਦੂਸਰੇ ਅਤੇ ਤੀਸਰੇ ਸਾਲਾਂ ਵਿੱਚ ਮੇਰੀ ਵਧੀਆ ਕਾਰਗੁਜ਼ਾਰੀ ਰਹੀ। ਬੀਏ ਵਿੱਚ ਮੈਂ ਕਾਲਜ ਵਿੱਚੋਂ ਫਸਟ ਆਇਆ। ਐਮ ਏ ਵਿੱਚੋਂ ਵੀ ਫਸਟ ਡਿਵੀਜ਼ਨ, ਬੀ ਐਡ ਵਿੱਚੋਂ ਵੀ ਫਸਟ ਡਿਵੀਜ਼ਨ ਵਿੱਚ ਪਾਸ ਹੋਇਆ। ਜੇ ਮੈਨੂੰ ਮੇਰੇ ਬਰਦਰ-ਇਨ-ਲਾਅ, ਮੇਰੇ ਅੰਦਰ ਨੂੰ ਨਾ ਜਗਾਉਂਦੇ ਤਾਂ ਮੈਂ ਮਿੱਟੀ ਵਿੱਚ ਹੀ ਰੁਲਣਾ ਸੀ।




ਅਮਰਜੀਤ ਸਿੰਘ ਤੂਰ ਪਿੰਡ ਕੁਲਬੁਰਛਾਂਜ਼ਿਲਾ ਪਟਿਆਲਾ ਹਾਲ-ਆਬਾਦ #639/40ਏ ਚੰਡੀਗੜ੍ਹ। ਫੋਨ ਨੰਬਰ : 9878469639

# ਚੁੱਪ ਇਨਸਾਨ ਦੀ ਚੀਖ਼: ਡਿਪਰੈੱਸ਼ਨ

ਡਿਪਰੈੱਸ਼ਨ ਇਕ ਅਜਿਹੀ ਅਦ੍ਰਿਸ਼ ਹੋਣ ਵਾਲੀ ਬੀਮਾਰੀ ਹੈ ਜੋ ਇਨਸਾਨ ਦੇ ਮਨ, ਦਿਮਾਗ ਅਤੇ ਜੀਵਨ ਦੇ ਹਰੇਕ ਪਹਿਲੂ ਨੂੰ ਹੌਲੀ ਹੌਲੀ ਨੁਕਸ਼ਾਨ ਪਹੁੰਚਾਉਂਦੀ ਹੈ। ਅੱਜ ਦੇ ਤੇਜ਼ ਰਫ਼ਤਾਰ ਸਮਾਜ ਵਿਚ, ਜਿੱਥੇ ਹਰ ਕੋਈ ਦੁਨੀਆ ਅੱਗੇ ਖੁਸ਼ ਦਿਖਣ ਦੀ ਕੋਸ਼ਿਸ਼ ਕਰ ਰਿਹਾ ਹੈ, ਉਥੇ ਡਿਪਰੈਸ਼ਨ ਹੌਲੀ-ਹੌਲੀ ਚੁੱਪਚਾਪ ਦਿਲਾਂ ਨੂੰ ਖਾਂਦਾ ਜਾ ਰਿਹਾ ਹੈ। ਇਹ ਬੀਮਾਰੀ ਨਾ ਸਿਰਫ਼ ਮਨੁੱਖੀ ਸੂਝ-ਬੂਝ ਨੂੰ ਪ੍ਰਭਾਵਿਤ ਕਰਦੀ ਹੈ, ਸਗੋਂ ਜੀਵਨ ਨੂੰ ਰੰਗਹੀਣ ਅਤੇ ਨਿਰਾਸਹੀਣ ਵੀ ਬਣਾ ਦਿੰਦੀ ਹੈ। ਅਸਲ ਸਮੱਸਿਆ ਇਹ ਨਹੀਂ ਕਿ ਡਿਪਰੈਸ਼ਨ ਹੁੰਦਾ ਹੈ, ਸਮੱਸਿਆ ਇਹ ਹੈ ਕਿ ਅਸੀਂ ਇਸ ਬਾਰੇ ਗੱਲ ਨਹੀਂ ਕਰਦੇ। ਪਿੰਡਾਂ ਤੋਂ ਸ਼ਹਿਰਾਂ ਤੱਕ, ਘਰਾਂ ਤੋਂ ਦਫ਼ਤਰਾਂ ਤੱਕ, ਮਰਦ ਹੋਣ ਦੀ ਆੜ ਵਿੱਚ, ਔਰਤ ਹੋਣ ਦੀ ਮਜਬੂਰੀ ਵਿੱਚ, ਬੱਚਿਆਂ ਦੀ ਅਣਗਹਿਲੀ ਵਿੱਚ ਡਿਪਰੈਸ਼ਨ ਨੇ ਹਰੇਕ ਵਿਅਕਤੀ ਨੂੰ ਅਲੱਗ-ਅਲੱਗ ਢੰਗ ਨਾਲ ਘੇਰ ਲਿਆ ਹੈ। ਅਸੀਂ ਹਮੇਸ਼ਾ ਬਿਮਾਰ ਸਰੀਰ ਨੂੰ ਇਲਾਜ ਦਿੰਦੇ ਹਾਂ, ਪਰ ਬਿਮਾਰ ਮਨ ਨੂੰ ਸਿਰਫ਼ 'ਹੌਂਸਲਾ ਰੱਖ' ਆਖ ਕੇ ਛੱਡ ਦਿੰਦੇ ਹਾਂ। ਡਿਪਰੈਸ਼ਨ ਦੀ ਪਛਾਣ ਲੋੜੀਂਦੀ ਹੈ। ਜਦੋਂ ਕਿਸੇ ਦੀ ਬੋਲਚਾਲ ਘਟ ਜਾਵੇ, ਰੋਜ਼ਾਨਾ ਦੀਆਂ ਗਤੀਵਿਧੀਆਂ ਵਿਚ ਦਿਲਚਸਪੀ ਨਾ ਰਹੇ, ਨੀਂਦ ਉਡ ਜਾਵੇ ਜਾਂ ਬਹੁਤ ਆਵੇ, ਭੁੱਖ ਲੱਗਣ ਬੰਦ ਹੋ ਜਾਵੇ ਜਾਂ ਬੇਵਜ੍ਹਾ ਖਾਣ ਸ਼ੁਰੂ ਕਰ ਦੇਵੇ, ਤਾਂ ਇਹ ਲੱਛਣ ਮੂਲ ਵਿਚ ਡਿਪਰੈਸ਼ਨ ਦੇ ਹੋ ਸਕਦੇ ਹਨ। ਪਰ ਅਫ਼ਸੋਸ ਇਹ ਹੈ ਕਿ ਅਕਸਰ ਅਸੀਂ ਇਨ੍ਹਾਂ ਸੰਕੇਤਾਂ ਨੂੰ ਨਜ਼ਰਅੰਦਾਜ਼ ਕਰ ਜਾਂਦੇ ਹਾਂ। ਇਲਾਜ ਮੌਜੂਦ ਹੈ।



ਡਾਕਟਰੀ ਮਦਦ, ਮਾਨਸਿਕ ਸਲਾਹਕਾਰਾਂ ਦੀ ਸਹਾਇਤਾ, ਦੋਸਤਾਂ ਅਤੇ ਪਰਿਵਾਰ ਦੀ ਸਮਝਦਾਰੀ ਨਾਲ ਡਿਪਰੈਸ਼ਨ ਨੂੰ ਕਾਬੂ ਕੀਤਾ ਜਾ ਸਕਦਾ ਹੈ। ਸਭ ਤੋਂ ਵੱਡੀ ਗੱਲ ਇਹ ਹੈ ਕਿ ਅਸੀਂ ਆਪਣੇ ਮਨ ਦੀ ਅਵਾਜ਼ ਸੁਣੀਏ, ਆਪਣੇ ਦਿਲ ਨਾਲ ਇਮਾਨਦਾਰੀ ਨਾਲ ਗੱਲ ਕਰੀਏ। ਜੇਕਰ ਤੁਸੀਂ ਜਾਂ ਤੁਹਾਡਾ ਕੋਈ ਨੇੜਲੇ, ਅਜਿਹੀ ਹਾਲਤ ਵਿਚ ਹੈ, ਤਾਂ ਚੁਪ ਨਾ ਰਹੋ।ਗੱਲ ਕਰੋ, ਮਦਦ ਲਵੋ, ਮਦਦ ਦਿਓ। ਅੱਜ ਦੀ ਲੋੜ ਹੈ ਕਿ ਅਸੀਂ ਡਿਪਰੈਸ਼ਨ ਬਾਰੇ ਜਾਗਰੂਕ ਹੋਈਏ। ਇਸ ਨੂੰ ਲਾਜ਼, ਸ਼ਰਮ ਜਾਂ ਕਮਜ਼ੋਰੀ ਨਾ ਸਮਝੀਏ। ਇਹ ਇਕ ਅਸਲ ਅਤੇ ਇਲਾਜਯੋਗ ਹਾਲਤ ਹੈ। ਹੱਸਦੇ ਹੋਏ ਚਿਹਰੇ ਦੇ ਪਿੱਛੇ ਜੇ ਕੋਈ ਅੰਦਰੋਂ ਰੋ ਰਿਹਾ ਹੋਵੇ, ਤਾਂ ਉਸ ਦੀ ਚੀਖ ਸੁਣਨ ਦੀ ਕੋਸ਼ਿਸ਼ ਕਰੀਏ। ਕਦੇ ਕਦੇ ਇੱਕ ਸਾਥ, ਇੱਕ ਗੱਲਬਾਤ, ਜਾਂ ਇੱਕ ਸਹੀ ਸਲਾਹ ਵੀ ਕਿਸੇ ਦੀ ਜ਼ਿੰਦਗੀ ਬਚਾ ਸਕਦੀ ਹੈ।ਡਿਪਰੈਸ਼ਨ ਇਕ ਅਸਲ ਜੰਗ ਹੈ ਜੋ ਅੰਦਰੋਂ ਲੜੀ ਜਾਂਦੀ ਹੈ। ਆਓ, ਅਸੀਂ ਉਹ ਹਥਿਆਰ ਬਣੀਏ ਜੋ ਕਿਸੇ ਦੀ ਇਸ ਜੰਗ ਵਿਚ ਉਸਦੀ ਹੌਂਸਲਾ-ਅਫਜ਼ਾਈ ਕਰੇ, ਨਾ ਕਿ ਉਹ ਕੰਧ ਜੋ ਉਸਨੂੰ ਹੋਰ ਚੁੱਪ ਕਰਾ ਦੇਵੇ।



ਮੰਜੂ ਰਾਇਕਾ।
ਭਿੰਡਰਾਂ ਸੰਗਰੂਰ।

# ਅੱਗ ਤੇ ਬਸੰਤਰ

ਵੈਸੇ ਤਾਂ ਪੰਜਾਬ ਵਿੱਚ ਕਿਸੇ ਦੀ ਕਿਰਪਾ ਸਦਕਾ ਅੱਗ 1978 ਵਿਚ ਹੀ ਲੱਗ ਚੁੱਕੀ ਸੀ। ਫਿਰ 1984 ਬਲਿਊ ਸਟਾਰ ਅਤੇ ਇੰਦਰਾ ਗਾਂਧੀ ਦੇ ਕਤਲ ਨੇ ਤਾਂ ਇਸ ਅੱਗ ਤੇ ਜਿਵੇਂ ਪੈਟਰੋਲ ਹੀ ਛਿੱੜਕ ਦਿੱਤਾ। 1990 ਤੇ ਉਸ ਤੋਂ ਬਾਅਦ ਵਾਲਾ ਦੌਰ ਜਿਹਨਾ ਨੇ ਦੇਖਿਆ ਹੰਢਾਇਆ, ਉਹ ਤਾਂ ਸਭ ਜਾਣਦੇ ਹੀ ਨੇ। ਪਰ ਅੱਜ ਗੱਲ ਕਰਨ ਲੱਗਾ ਹਾਂ, ਉਹਨਾਂ ਲੋਕਾਂ ਦੀ, ਜਿਹੜੇ ਦੂਸਰੇ ਦੇ ਘਰ ਲੱਗੀ ਨੂੰ ਬਸੰਤਰ ਸਮਝਦੇ ਨੇ। ਅੱਗ ਦਾ ਗਿਆਨ ਉਸ ਦਿਨ ਹੁੰਦਾ, ਜਦ ਘਰ ਨੂੰ ਪੈਣ ਲਗਦੀ। ਗੱਲ ਬੜੀ ਛੋਟੀ ਜਿਹੀ ਹੈ। ਪਰ ਇਸ ਵਿਚ ਛੁਪਿਆ ਸੰਦੇਸ਼ ਬਹੁਤ ਵੱਡਾ ਹੈ। ਕਿਉਂਕਿ, ਅੱਜ ਵੀ ਇੰਨ ਬਿੰਨ ਉਹੀ ਹੋ ਰਿਹਾ ਹੈ। ਮੇਰੇ ਅਪਣੇ ਨੇੜਲੇ ਰਿਸ਼ਤੇਦਾਰ। ਉਹਨਾਂ ਦਿਨਾਂ ਵਿੱਚ ਸਿੱਖੀ ਵਿੱਚ ਪੂਰੇ ਰੰਗੇ ਹੋਏ। ਹਰ ਇੱਕ ਦੇ ਉੱਪਰੋਂ ਦੀ ਚੌੜੇ ਗਾਤਰੇ ਵਾਲੀ ਕਿਰਪ-ਾਨ, ਸਿਰ ਉੱਤੇ ਪੀਲੇ ਦੁਪੱਟੇ, ਪਰਨੇ ਤੇ ਪੱਗਾਂ। ਭਾਵੇਂ ਅੱਜ ਕਿਸੇ ਇੱਕ ਦੇ ਵੀ ਉਹਨਾਂ ਕੋਲ ਕਿਰਪਾਨ ਨਹੀਂ। ਸਾਰਾ ਦਿਨ ਘਰ ਵਿਚ ਸਿੱਖੀ ਦੀਆਂ ਗੱਲਾਂ ਚਲਦੀਆਂ। ਘਰ ਆਉਂਦੇ ਅਖ਼ਬਾਰ ਵਿਚੋਂ ਜਵਾਕ, ਸ਼ਹੀਦ ਹੋਏ ਖਾੜਕੂਆਂ ਦੀਆਂ ਫੋਟੋਆਂ ਕੱਟ ਕੇ ਆਪਣੀ ਆਪਣੀ ਕਾਪੀ ਵਿਚ ਲਾਉਂਦੇ। ਕਿਸੇ ਮਸ਼ਹੂਰ ਖਾੜਕੂ ਦੇ ਸ਼ਹੀਦ ਹੋਣ ਤੇ ਪਰਿਵਾਰ ਦਾ ਮੁਖੀ ਵਿਹੜੇ ਵਿਚ ਖੜ ਸਰਕਾਰ ਨੂੰ ਸੌ ਸੌ ਗਾਲਾਂ ਕੱਢਦਾ। ਫਿਰ 92 ਵਿਚ ਬੇਅੰਤ ਸਿੰਘ ਦੀ ਸਰਕਾਰ ਬਣ ਗਈ। ਪਿੰਡਾਂ ਵਿਚ ਇੱਕ ਪਾਸੇ ਗਾਉਣ ਵਾਲਿਆਂ ਦੇ ਅਖਾੜੇ ਤੇ ਦੂਸਰੇ ਪਾਸੇ ਬਾਬਿਆਂ ਦੇ ਦੀਵਾਨ ਲੱਗਣ ਲਗੇ। ਇਹ ਪਰਿਵਾਰ ਦੀਵਾਨਾ ਤੇ ਜਾਂਦਾ ਰਹਿੰਦਾ। ਘਰ ਵਿਚ ਚਾਰੇ ਪਾਸੇ ਸਿੱਖੀ ਦਾ ਮਾਹੌਲ ਸੀ। ਗਰਮੀਆਂ ਦੀ ਇੱਕ ਰਾਤ ਪਰਿਵਾਰ ਦਾ ਇਕਲੌਤਾ ਮੁੰਡਾ,ਹੁੰਮਸ ਤੋਂ ਘਬਰਾਇਆ ਬਾਹਰ ਤਾਜ਼ੀ ਹਵਾ ਲੈਣ ਨਿਕਲ ਗਿਆ। ਕਿਉਂਕਿ ਘਰ ਦੇ ਸਾਹਮਣੇ ਖੇਤਾਂ ਨੂੰ ਜਾਂਦੀ ਪਹੀ ਤੇ ਖੱਬੇ ਪਾਸੇ ਉਹਨਾਂ ਦੀ ਆਪਣੀ ਜਗ੍ਹਾ ਸੀ। ਜਿੱਥੇ ਚੱਕੀ ਲੱਗੀ ਹੋਈ ਸੀ। ਚੱਕੀ ਵੀ ਵਧੀਆ ਕਮਾਈ ਦਿੰਦੀ ਸੀ ਤੇ ਸੁੱਖ ਨਾਲ ਜ਼ਮੀਨ ਵੀ ਖੁੱਲ੍ਹੀ ਸੀ। ਘੁੰਮਦੇ ਨੂੰ ਪਤਾ ਹੀ ਨਹੀਂ ਲੱਗਿਆ, ਕਦ ਤਿੰਨ ਸਿੰਘਾਂ ਨੇ ਫਤਿਹ ਆ ਗਜਾਈ ਤੇ ਪ੍ਰਸ਼ਾਦਾ ਖਾਣ ਦੀ ਬੇਨਤੀ ਕੀਤੀ। ਸੱਚ ਇਹ ਹੈ, ਕਿ ਉਸਦਾ ਡਰਦੇ ਦਾ ਇੱਕ ਮੂਤ ਹੀ ਨਹੀਂ ਨਿਕਲਿਆ, ਬਾਕੀ ਕੋਈ ਕਸਰ ਨਹੀਂ ਰਹੀ। ਮਰਦਾ ਕੀ ਨਾ ਕਰਦਾ ? ਘਰ ਲਿਆਇਆ। ਹੁਣ ਗੱਲੀਂ ਬਾਤੀਂ ਖਾੜਕੂ ਸਮਰਥਕ ਸਾਰੇ ਪਰਿਵਾਰ ਨੂੰ ਸੱਪ ਸੁੰਘ ਗਿਆ ਸੀ।

ਹੁਣ ਸਾਰਾ ਪਰਿਵਾਰ ਕੋਸ਼ਿਸ਼ ਕਰ ਰਿਹਾ ਸੀ, ਕਿ ਕਿਸੇ ਗੁਆਂਢੀ ਨੂੰ ਪਤਾ ਲੱਗੇ ਬਿਨਾਂ, ਬਿਨਾ ਕਿਸੇ ਹੀਲ ਹੁੱਜਤ ਤੋਂ ਸਿੰਘਾਂ ਨੂੰ ਖਾਣਾ ਖਵਾਇਆ ਜਾਵੇ ਤੇ ਰੁਖ਼ਸਤ ਕੀਤਾ ਜਾਵੇ। ਸਿੰਘ ਰੋਟੀ ਛਕਦੇ ਹੋਏ, ਕੰਧਾਂ ਤੇ ਲੱਗੀਆਂ ਸੰਤਾ ਤੇ ਹੋਰ ਵੱਡੇ ਖਾੜਕੂਆਂ ਦੀਆਂ ਤਸਵੀਰਾਂ ਦੇਖ ਪਰਿਵਾਰ ਦੇ ਚੜਦੀ ਕਲਾ ਵਾਲਾ ਪਰਿਵਾਰ ਹੋਣ ਦੀ ਦਾਦ ਦੇ ਰਹੇ ਸਨ। ਤੇ ਪਰਿਵਾਰ ਵਿਚਾਰਾ ਅੰਦਰ ਹੀ ਅੰਦਰ ਤੁਪਕਾ ਤੁਪਕਾ ਮੂਤਦਾ ਹੋਇਆ ਇਸ ਬਿਪਤਾ ਤੋਂ ਛੁਟਕਾਰਾ ਪਾਉਣ ਲਈ ਅਰਦਾਸ ਕਰ ਰਿਹਾ ਸੀ। ਮੁੱਕਦੀ ਗੱਲ ਉਹ ਚਲੇ ਗਏ। ਤੇ ਇਹ ਵਾਅਦਾ ਵੀ ਕਰ ਗਏ ਕਿ ਹੋਰ ਕਿਸੇ ਸੇਵਾ ਦੀ ਜਰੂਰਤ ਨਹੀਂ, ਬਸ ਵੇਲੇ ਕੁਵੇਲੇ ਪ੍ਰਸ਼ਾਦਾ ਛਕਣ ਆ ਸਕਦੇ ਹਾਂ। ਹੁਣ ਉਸ ਤੋਂ ਬਾਅਦ ਘਰ ਵਿਚ ਚੁੱਪ ਚਾਂਦ ਸੀ। ਹੁਣ ਘਰ ਦਾ ਮੁਖੀ ਵਿਹੜੇ ਵਿਚ ਖੜ ਕੇ ਪੁਲਿਸ ਨੂੰ ਗਾਲਾਂ ਨਹੀਂ ਕੱਢਦਾ ਸੀ। ਹੁਣ ਘਰ ਵਿਚ ਦੋਹਵੇਂ ਵੇਲੇ ਇਹੋ ਅਰਦਾਸ ਹੁੰਦੀ ਸੀ, ਕਿ ਇਹ ਸਿੰਘ ਕਿਧਰੇ ਫੜੇ ਨਾ ਜਾਣ ਤੇ ਪਰਿਵਾਰ ਦਾ ਨਾਮ ਨਾ ਆ ਜਾਵੇ। ਕੁਦਰਤੀ ਅੱਠ ਦਸ ਦਿਨ ਬਾਅਦ ਹੀ ਉਹਨਾਂ ਸਿੰਘਾਂ ਦਾ ਪੁਲੀਸ ਨਾਲ ਮੁਕਾ-ਬਲਾ ਹੋ ਗਿਆ। ਉਹ ਸਿੰਘ ਸ਼ਹੀਦੀ ਪ੍ਰਾਪਤ ਕਰ ਗਏ। ਦੂਸਰੇ ਪਾਸੇ, ਹੁਣ ਉਹ ਘਰ ਜਿਹੜਾ, ਕਿਸੇ ਸਿੰਘ ਦੇ ਫੜੇ ਜਾਣ ਤੇ ਹੀ ਕੁਰਲਾ ਉੱਠਦਾ ਸੀ। ਸ਼ਹੀਦ ਹੋਣ ਤੇ ਜਿਹੜਾ ਪਰਿਵਾਰ ਜਿਵੇਂ ਪੱਥਰ ਹੀ ਹੋ ਜਾਂਦਾ ਸੀ, ਅੱਜ ਉਹ ਪਰਿਵਾਰ ਖੁਸ਼ੀ ਖੁਸ਼ੀ ਵਾਹਿਗੁਰੂ ਦਾ ਧੰਨਵਾਦ ਕਰ ਰਿਹਾ ਸੀ। ਕਿ ਹੇ ਵਾਹਿਗੁਰੂ ਤੂੰ ਆਪਣੇ ਸਿੰਘਾਂ ਦੀ ਫ਼ਿਕਰ ਖੁਦ ਹੀ ਕਰਦਾ ਹੈ, ਕਹਿ ਕਹਿ ਵਾਹਿਗੁਰੂ ਦਾ ਧੰਨਵਾਦ ਕਰ ਰਿਹਾ ਸੀ। ਮੇਰੀ ਇਸ ਸੱਚੀ ਕਥਾ ਲਿਖਣ ਦਾ ਮਤਲਬ ਹੀ ਇਹੀ ਹੈ, ਕਿ ਅਸੀਂ ਜ਼ਬਰਦਸਤ ਦੋਗਲੇ ਹਾਂ। ਅਸੀਂ ਭਗਤ ਸਿੰਘ ਵੀ ਦੁਬਾਰਾ ਦੇਖਣਾ ਚਾਹੁੰਦੇ ਹਾਂ, ਪਰ ਸ਼ਰਤ ਇਹੋ ਕਿ ਉਹ ਜਨਮ ਗੁਆਂਢੀਆਂ ਦੇ ਘਰ ਲਵੇ। ਸਾਡੇ ਘਰ ਜੇਕਰ ਕੋਈ ਪੁੱਤ ਜੰਮੇ ਤਾਂ ਉਹ ਮਜੀਠੀਆ ਵਰਗਾ ਹੀ ਜੰਮੇ, ਜਿਹੜਾ ਘਰ ਨੂੰ ਥੋੜ੍ਹੇ ਸਮੇਂ ਵਿੱਚ ਹੀ ਨੋਟਾਂ ਨਾਲ ਭਰ ਦੇਵੇ। ਮੈਨੂੰ ਹੈਰਾਨੀ ਹੁੰਦੀ ਹੈ, ਜਦ ਮੈਂ ਹਰ ਤਰਾਂ ਦੇ ਦਿਨ ਮਨਾਉਂਦਾ ਦੇਖਦਾ ਹਾਂ। ਕਦੇ ਅਧਿਆਪਕ ਦਿਨ, ਮਾਤਾ, ਪਿਤਾ, ਪੁੱਤਰ, ਧੀ, ਡਾਕਟਰ ਇੰਜੀਨੀਅਰ ਦਿਨ ਵਗੈਰਾ। ਜਿਸ ਦਿਨ ਕਿਸੇ ਨੇ ਸਾਡੇ ਦੇਸ਼ ਦਾ ਦਿਲੋਂ ਇਮਾਨਦਾਰੀ ਨਾਲ ਨੈਸ਼ਨਲ ਕਰੈਕਟਰ ਨੂੰ ਨਾਮ ਦਿੱਤਾ, ਤਾਂ ਉਹ ਨਾਮ ਹੋਵੇਗਾ ਦੋਗਲਾਪਨ ਅਸੀਂ ਕਿੰਨੇ ਕੁ ਸਮਰਪਿਤ ਹਾਂ। ਅਸੀਂ ਕਿੱਥੇ ਖੜੇ ਹਾਂ ? ਇਹ ਦੱਸਣ ਲਈ ਇੰਨਾ ਕਾਫੀ ਹੈ। ਇਹ ਕਹਾਣੀ ਮੇਰੇ ਇੱਕ ਬਹੁਤ ਹੀ ਨਜਦੀਕੀ ਪਰਿਵਾਰ ਦੀ ਹੈ। ਇੱਥੇ ਸੈਂਕੜੇ ਹੀ ਹੋਰ ਬਹੁਤ ਹੋਣਗੇ, ਜਿਹੜੇ ਅਜਿਹੀਆਂ ਕਿੰਨੀਆਂ ਹੀ ਕਹਾਣੀਆਂ ਦੇ ਗਵਾਹ ਨੇ। ਪਰ ਸੱਚ ਇਹ ਹੈ ਕਿ ਇਹ ਕੌੜੇ ਸੱਚ ਲਿਖਣ ਦਾ ਹਰ ਕੋਈ ਹੌਸਲਾ ਨਹੀਂ ਕਰਦਾ। ਅਗਲੀ ਕਥਾ ਖਾਲਸਾ ਪੰਥ ਦੇ "ਗੱਬਰ ਸਿੰਘ" ਤੇ ਕਰਾਂਗੇ। ਸੋ ਇਜਾਜਤ ਦਿਓ ਭਾਈ ਖੁਸ਼ ਰਹੋ ਤੇ ਆਪਣੀ ਪੜਚੋਲ ਖੁਦ ਕਰੋ।



**ਵੈਦ ਬਲਵਿੰਦਰ ਸਿੰਘ ਢਿੱਲੋ**

# ਮੋਬਾਈਲ ਫੋਨ ਦੀ ਅਡਿਕਸ਼ਨ ਤੋਂ ਬਚੋ- ਮਾਸਟਰ ਪਰਮ ਵੇਦ

## ਲੜਕੇ ਨੂੰ ਮੋਬਾਈਲ ਫੋਨ ਦੀ ਦੁਰਵਰਤੋਂ ਦੀ ਥਾਂ ਵਿਗਿਆਨਕ ਸੋਚ ਵਾਲੀਆਂ ਕਿਤਾਬਾਂ ਪੜ੍ਹਨ ਵੱਲ ਲਾਇਆ

**ਸੰਗਰੂਰ**

ਇਸ ਸਮੇਂ ਮੋਬਾਈਲ ਫੋਨ ਸਾਡੀ ਜ਼ਿੰਦਗੀ ਦਾ ਅਟੁੱਟ ਅੰਗ ਬਣ ਚੁੱਕਿਆ ਹੈ। ਇਸ ਤੋਂ ਬਿਨਾਂ ਅਸੀਂ ਆਪਣੇ ਆਪ ਨੂੰ ਅਧੂਰੇ/ਅੰਗਹੀਣ ਸਮਝਦੇ ਹਾਂ। ਉਸ ਰਾਹੀਂ ਅਸੀਂ ਹਰ ਸਮੇਂ ਸਾਰੀ ਦੁਨੀਆਂ ਨਾਲ ਜੁੜੇ ਹੁੰਦੇ ਹਾਂ। ਉਸ ਨੇ ਘੜੀ, ਰਿਕਾਰਡਰ, ਕੈਮਰਾ, ਟਾਈਪਰਾਈਟਰ ,ਡਿਟਸ਼ਨਰੀ ਆਦਿ ਸਾਰਿਆਂ ਦਾ ਕੰਮ ਆਪਣੇ ਅੰਦਰ ਸਮੋਂ ਲਿਆ ਹੈ। ਜਦੋਂ ਚਾਹੋਂ ਫੋਟੋ ਖਿੱਚ ਲਓ, ਜਦੋਂ ਚਾਹੇ ਵੀਡੀਓ ਬਣਾ ਲਓ, ਟਾਈਮ ਦੇਖਣਾ ਹੋਵੇ ਟਾਈਮ ਦੇਖ ਲਓ, ਖ਼ਬਰਾਂ ਸੁਣ ਲਓ, ਕਿਸੇ ਨੂੰ ਸੁਨੇਹਾ ਦੇ ਦਿਓ, ਕਿਸੇ ਦਾ ਸੁਨੇਹਾ ਪ੍ਰਾਪਤ ਕਰ ਲਓ, ਜਦੋਂ ਕੁੱਝ ਟਾਈਪ ਕਰਨ ਦੀ ਲੋੜ ਹੋਵੇ, ਟਾਈਪ ਕਰ ਲਓ। ਅੰਗਰੇਜ਼ੀ ਦਾ ਸ਼ਬਦ ਦੇਖ ਲਵੋ।ਲੋੜ ਮੁਤਾਬਿਕ ਵਰਤਿਆਂ ਜਾਵੇ ਤਾਂ ਮੋਬਾਈਲ ਫੋਨ ਦੇ ਅਥਾਹ ਫਾਇਦੇ ਹਨ।

ਪਹਿਲਾਂ ਇਸਦਾ ਉਦੇਸ਼ ਸਿਰਫ ਗੱਲ ਕਰਨੀ ਹੁੰਦਾ ਸੀ, ਜੋ ਔਖਾ ਲਗਦਾ ਸੀ, ਮਹਿੰਗਾ ਵੀ ਸੀ, ਪਰ ਹੁਣ ਮੋਬਾਈਲ 'ਤੇ ਹੀ ਆਨ ਲਾਈਨ ਹੋ ਕੇ ਤੇ ਸਾਹਮਣੇ ਬੈਠ ਕੇ ਸਾਰੀ ਗੱਲ ਹੋ ਜਾਂਦੀ। ਕੀ-ਕੀ ਲਾਭ ਗਿਣਾਈਏ।ਪਰ ਅਜ ਕਲ ਇਸ ਦੀ ਗਲਤ ਵਰਤੋਂ ਸ਼ੁਰੂ ਹ ਗਈ ਹੈ।ਵਿਦਿਆਰਥੀਆਂ ਸਮੇਤ ਨੌਕਰੀ ਪੇਸ਼ਾ ਵਿਅਕਤੀ ਵੀ ਕ੍ਰਿਕਟ ਵਾਗੂੰ ਇਸਦੇ ਮਰੀਜ਼ ਬਣਦੇ ਜਾ ਰਹੇ ਹਨ।

ਸਾਡੇ ਕੋਲ ਸੰਗਰੂਰ ਮੋਬਾਈਲ ਫੋਨ ਦੀ ਵਰਤੋਂ ਨਾਲ ਬਣੇ ਮਾਨਸਿਕ ਰੋਗੀ ਦਾ ਇਕ ਕੇਸ ਆਇਆ। ਘਰਦਿਆਂ ਨੇ ਦੱਸਿਆ ਕਿ ਸਾਡਾ ਲੜਕਾ ਹਰ ਸਮੇਂ ਮੋਬਾਈਲ ਫੋਨ ਹੀ ਵਰਤਦਾ ਰਹਿੰਦਾ ਹੈ। ਸਾਨੂੰ ਆਪਣੇ ਕਮਰੇ ਅੰਦਰ ਵੀ ਵੜਨ ਨਹੀਂ ਦਿੰਦਾਙ ਨੌਕਰੀ ਤੇ ਵੀ ਨਹੀਂ ਜਾਂਦਾ। ਉਹ ਹਰ ਸਮੇਂ ਗੇਮਾਂ ਖੇਡਦਾ ਰਹਿੰਦਾ ਹੈ। ਸੂਡੋਕੋ ਆਦਿ ਗੇਮ ਜਿਆਦਾ ਖੇਡਦਾ ਹੈ। ਬੱਸ ਖੇਡੀ ਹੀ ਜਾਂਦਾ ਹੈ। ਰੋਟੀ ਵੀ ਘੱਟ ਹੀ ਖਾਂਦਾ ਹੈ। ਸਿਹਤ ਗਿਰਦੀ ਜਾ ਰਹੀ ਹੈ। ਅਸੀਂ ਉਸਨੂੰ ਗੇਮਾਂ ਖੇਡਣ ਤੋਂ ਵਰਜਦੇ ਹਾਂ ਤਾਂ ਉਹ ਸਾਡੇ ਨਾਲ ਲੜਨ ਲੱਗ ਪੈਂਦਾ ਹੈ।

ਅਸੀਂ ਘਰਦਿਆਂ ਨੂੰ ਕਿਹਾ, "ਉਸ ਦੀ ਆਦਤ ਛੁਡਾਉਣ ਲਈ ਸਮਾਂ ਲੱਗੇਗਾ। ਇਸ ਨੂੰ ਫੋਨ ਦੀ ਆਦਤ ਪੱਕ ਚੁੱਕੀ ਹੈ। ਸਮਾਂ ਲੱਗੇਗਾ। ਅਸੀਂ ਕੋਸ਼ਿਸ਼ ਕਰਾਂਗੇ ਕਿ ਜੇ ਸਾਡੀ ਗੱਲ ਸੁਣਨ ਲੱਗ ਪਿਆ ਤਾਂ ਅਸੀਂ ਉਸਦੀ ਆਦਤ ਛੁਡਵਾ ਦਿਆਗੇ। ਪਹਿਲਾਂ ਤੁਸੀਂ ਆਪ ਮੋਬਾਈਲ ਫੋਨ ਦੀ ਵਰਤੋਂ ਘੱਟ ਕਰੋ। ਬੱਚੇ ਨਕਲ ਕਰਦੇ ਨੇ। ਅਸੀਂ ਤੁਹਾਡੇ ਰਾਹੀਂ ਉਸਦੀ ਆਦਤ ਜਾਣ ਲਈ ਹੈ।

ਅਸੀਂ ਅਗਲੇ ਦਿਨ ਉਸ ਨੂੰ ਲੈ ਕੇ ਆਉਣ ਲਈ ਕਿਹਾ। ਮਾਂ-ਬਾਪ ਆਪਣੇ ਲੜਕੇ ਨੂੰ ਸਾਡੇ ਕੋਲ ਲਿਆਉਣ ਵਿੱਚ ਕਾਮਯਾਬ ਹੋ ਗਏ। ਸਾਡੀ ਤਿੰਨ ਮੈਂਬਰੀ ਕ੍ਰਿਸ਼ਨ ਸਿੰਘ, ਗੁਰਦੀਪ ਸਿੰਘ ਤੇ ਮੈਂ ਤਰਕਸ਼ੀਲ ਟੀਮ ਨੇ ਉਸਨੂੰ ਬੜੇ ਹੀ ਪਿਆਰ ਨਾਲ ਆਪਣੇ ਕੋਲ ਬਿਠਾਇਆ।

ਅਸਲ ਵਿੱਚ ਮੈਂ ਲੜਕੇ ਨੂੰ ਪਹਿਲਾਂ ਹੀ ਜਾਣਦਾ ਸੀ। ਉਹ ਬਹੁਤ ਜ਼ਿਆਦਾ ਹੁਸ਼ਿਆਰ ਲੜਕਾ ਸੀ। ਮੈਂ ਕਿਹਾ, "ਤੇਰੀ ਨੌਕਰੀ ਦਾ ਕੀ ਹਾਲ ਹੈ ? ਅੱਜ ਕੱਲ ਕਿੱਥੇ ਨੌਕਰੀ ਕਰਦੈਂ ?"

ਨੌਕਰੀ ਦਾ ਸਥਾਨ, ਸਮਾਂ, ਤਰੱਕੀ ਤੇ ਸੈਲਰੀ ਬਾਰੇ ਪੁੱਛਣ ਤੋਂ ਬਾਅਦ ਵਿਆਹ ਕਰਵਾਉਣ ਬਾਰੇ ਪੁੱਛਿਆ। ਜਦੋਂ ਉਹ ਗੱਲਾਂ ਵਿੱਚ ਪੈ ਗਿਆ ਤਾਂ ਮੈਂ ਉਸ ਦੇ ਪੜ੍ਹਾਈ ਦੇ ਸਮੇਂ ਨੂੰ ਯਾਦ ਕਰਾਇਆ ਕਿ ਉਹ ਪੜ੍ਹਾਈ ਤੇ ਖੇਡਾਂ ਵਿਚ ਕਿੰਨਾ ਹੁਸ਼ਿਆਰ ਸੀ। ਮੈਂ ਕਿਹਾ, "ਮੈਨੂੰ ਅਧਿਆਪਕਾਂ ਵੱਲੋਂ ਤੇਰੀਆਂ ਕੀਤੀਆਂ ਤਾਰੀਫ਼ਾਂ ਯਾਦ ਨੇ। ਅਧਿਆਪਕ ਤੇਰੀਆਂ ਬੜੀਆਂ ਤਾਰੀਫ਼ਾਂ ਕਰਿਆ ਕਰਦੇ ਸਨ। ਤੂੰ ਆਪਣੇ ਸਮੇਂ ਨੂੰ ਬਿਲਕੁੱਲ ਵੀ ਬਰਬਾਦ ਨਹੀਂ ਸੀ ਕਰਦਾ। ਆਪਣੇ ਸਾਥੀਆਂ ਨੂੰ ਵੀ ਸਮੇਂ ਦੀ ਸਹੀ ਵਰਤੋਂ ਕਰਨ ਬਾਰੇ ਕਿਹਾ ਕਰਦਾ ਸੀ।"

ਮੈਂ ਉਸ ਤੋਂ ਪੁੱਛਿਆ, "ਤੂੰ ਆਪਣੇ ਸਾਥੀਆਂ ਨੂੰ ਹੁਣ ਵੀ ਸਮਝਾਉਨੈਂ ? ਤੇਰੇ ਸਾਥੀ ਤੇਰੀ ਹੁਣ ਵੀ ਬਹੁਤ ਕਦਰ ਕਰਦੇ ਹੋਣਗੇ।" ਮੈਂ ਉਸਨੂੰ ਆਪਣੇ ਪ੍ਰਭਾਵ ਹੇਠ ਲਿਆਉਣ ਵਿੱਚ ਕਾਮਯਾਬ ਹੋ ਗਿਆ। ਮੇਰੇ ਪ੍ਰਭਾਵ ਹੇਠ ਆਉਣ ਤੋਂ ਬਾਅਦ ਉਸ ਨੇ ਕਿਹਾ, "ਕੀ ਦੱਸਾਂ ਅੰਕਲ ਜੀ ! ਹੁਣ ਤਾਂ ਮੈਨੂੰ ਮੋਬਾਈਲ ਫੋਨ ਦੀ ਗੰਦੀ ਆਦਤ ਪੈ ਗਈ ਹੈ। ਹੁਣ ਤਾਂ ਦੋਸਤ ਮੈਨੂੰ ਸਮਝਾਉਂਦੇ ਨੇ। ਮੈਂ ਤਾਂ ਹੁਣ ਦਫ਼ਤਰ ਜਾਣੋਂ ਵੀ ਹਟ ਗਿਆ ਹਾਂ।"

ਉਸਦੇ ਮਨ ਦੀ ਨਿਰਾਸ਼ਤਾ ਉਸ ਦੇ ਚਿਹਰੇ ਤੋਂ ਸਾਫ ਝਲਕ ਰਹੀ ਸੀ। ਉਹ ਬਹੁਤ ਦੁੱਖ ਮਹਿਸੂਸ ਕਰ ਰਿਹਾ ਸੀ। ਮੈਂ ਉਸ ਨੂੰ ਕਿਹਾ, " ਤੂੰ ਮੇਰੇ ਕੋਲ ਆਇਆ ਕਰ। ਆਪਾਂ ਗੱਲਾਂ ਕਰਿਆ ਕਰਾਂਗੇ। ਮੈਂ ਉਸਨੂੰ ਸਿਗਮੰਡ ਫਰਾਈਡ ਦੀ ਕਿਤਾਬ ਪੜ੍ਹਨ ਲਈ ਦਿੱਤੀ। ਉਹ ਮੇਰੀ ਗੱਲ ਮੰਨ ਗਿਆ ਤੇ ਅਗਲੇ ਦਿਨ ਆਉਣ ਬਾਰੇ ਕਹਿ ਕੇ ਆਪਣੇ ਮਾਪਿਆਂ ਨਾਲ ਚਲਾ ਗਿਆ।

ਅਗਲੇ ਦਿਨ ਉਹ ਆਪ ਨਹੀਂ ਆਇਆ, ਸਗੋਂ ਮੈਂ ਉਸ ਦੇ ਘਰ ਗਿਆ। ਉਹ ਇਕਦਮ ਮੇਰੇ ਨਾਲ ਤੁਰ ਪਿਆ। ਅਸੀਂ ਬਾਹਰ ਸੈਰ ਕਰਨ ਚਲੇ ਪਏ। ਮੈਂ ਕਿਤਾਬ ਪੜ੍ਹਨ ਬਾਰੇ ਪੁੱਛਿਆ। ਉਸਨੇ ਕਿਹਾ, "ਅਜੇ ਸ਼ੁਰੂ ਨਹੀਂ ਕੀਤੀ। ਕੱਲ੍ਹ ਤੋਂ ਸ਼ੁਰੂ ਕਰਾਂਗਾ।"

ਮੈਂ ਕਿਹਾ, "ਅੱਜ ਕਿਉਂ ਨਹੈਂ। ਅੱਜ ਹੀ ਸ਼ੁਰੂ ਕਰ । ਪੜ੍ਹ ਲੈ। ਤੂੰ ਆਪ ਮੋਬਾਈਲ ਫੋਨ ਦੀ ਆਦਤ ਨੂੰ ਗੰਦੀ ਕਹਿ ਰਿਹਾ ਹੈ। ਇਸ ਦਾ ਮਤਲਬ ਤੂੰ ਸਮਝਦਾ ਹੋਇਆ ਵੀ ਨਹੀਂ ਛੱਡ ਰਿਹਾ। ਇਸ ਦੀ ਵਰਤੋਂ ਘਟਾਉਣ ਲਈ ਕਿਤਾਬ ਪੜ੍ਹਨੀ ਸ਼ੁਰੂ ਕਰ, ਇਹ ਬਹੁਤ ਜ਼ਰੂਰੀ ਹੈ। ਕਿਤਾਬ ਪੜ੍ਹਨ ਵਾਲੇ ਪਾਸੇ ਲੱਗ। ਦੇਖੀ ਦਿਨਾਂ ਵਿੱਚ ਹੀ ਤੇਰੀ ਆਦਤ ਬਦਲ ਜਾਵੇਗੀ ਤੇ ਤੂੰ ਆਪਣੀ ਪਹਿਲੀ ਹਾਲਤ ਵਿੱਚ ਆ ਜਾਵੇਂਗਾ। ਤੇਰੇ ਘਰ ਵਾਲੇ ਤੇਰਾ ਵਿਆਹ ਕਰਨ ਦੀ ਸੋਚ ਰਹੇ ਨੇਙ ਵਧੀਆ ਰਿਸ਼ਤਾ ਤੇਰੀ ਤੰਦਰੁਸਤੀ ਨਾਲ ਜੁੜਿਆ ਹੋਇਆ ਹੈ।" ਮੈਂ ਉਸ ਨੂੰ ਕਿਤਾਬ ਪੜ੍ਹਨ ਵੱਲ ਪ੍ਰੇਰਿਤ ਕਰਕੇ ਵਾਪਸ ਘਰ ਆ ਗਿਆ।ਅਗਲੇ ਦਿਨ ਉਹ ਮੇਰੇ ਕੋਲ ਆਪਣੇ ਆਪ ਆ ਗਿਆ ਤੇ ਕਹਿੰਦਾ, "ਅੰਕਲ ਕਿਤਾਬ ਬੜੀ ਵਧੀਐ। ਮੈਂ ਕਾਫ਼ੀ ਪੜ੍ਹ ਲਈ ਹੈ। ਚਾਰ ਦਿਨਾਂ ਵਿੱਚ ਪੂਰੀ ਕਰ ਦੇਵਾਂਗਾ।"

ਮੈਂ ਉਸ ਨੂੰ ਮੋਬਾਈਲ ਫੋਨ ਦੀ ਦੁਰਵਰਤੋਂ ਦੇ ਕਾਫੀ ਨੁਕਸਾਨ ਗਿਣਾਏ ਤੇ ਕਿਹਾ ਕਿ ਇਸ ਦੀ ਅਡਿਕਸ਼ਨ ਬੱਚਿਆਂ ਦੇ ਭਵਿੱਖ ਨੂੰ ਖਰਾਬ ਕਰ ਦਿੰਦੀ ਹੈ ਙ ਮੈਂ ਕਿਹਾ, "ਲੋਕ ਵਹੀਕਲ ਚਲਾਉਂਦੇ ਸਮੇਂ ਫੋਨ ਦੀ ਵਰਤੋਂ ਕਰਦੇ ਹਨ। ਇਸ ਨਾਲ ਦੁਰਘਟਨਾ ਦਾ ਡਰ ਬਣਿਆ ਰਹਿੰਦਾ ਹੈ। ਇਸ ਦੀ ਜ਼ਿਆਦਾ ਵਰਤੋਂ ਕਰਨ ਵਾਲੇ ਲੋਕ ਹਮੇਸ਼ਾਂ ਤਣਾਅ ਵਿਚ ਰਹਿੰਦੇ ਨੇ। ਉਹ ਸਮਝਦੇ ਨੇ ਕਿ ਇਨ੍ਹਾਂ ਦੀਆਂ ਗਤੀਵਿਧੀਆਂ ਉੱਤੇ ਕਿਸੇ ਦੀ ਨਿਗ੍ਹਾ ਹੈ। ਇਸ ਦੀ ਜ਼ਿਆਦਾ ਵਰਤੋਂ ਨਾਲ ਸਿਹਤ ਵਿਗੜਦੀ ਹੈ। ਅੱਖਾਂ, ਕੰਨ ਤੇ ਅਸਰ ਪੈਂਦਾ ਹੈ। ਨਵੀਆਂ ਨਵੀਆਂ ਮੋਬਾਈਲ ਗੇਮਾਂ ਵਿਕ-ਸਿਤ ਹੋ ਰਹੀਆਂ ਨੇ ਬੱਚਿਆਂ ਤੇ ਨੌਜਵਾਨਾਂ ਨੂੰ ਇਹ ਨੁਕਸਾਨਦਾਇਕ ਗੇਮਾਂ ਇੰਨੀਆਂ ਚੰਗੀਆਂ ਲਗਦੀਆਂ ਨੇ ਕਿ ਇਨ੍ਹਾਂ ਦਾ ਨਸ਼ਾ ਜਿਹਾ ਲੱਗ ਜਾਂਦਾ ਹੈ। ਬੇਸਮਝ ਲੋਕ ਸੌਂਦੇ, ਜਾਗਦੇ, ਖਾਂਦੇ, ਪੀਂਦੇ, ਪੜ੍ਹਦੇ ਗੇਮਾਂ ਖੇਡਦੇ ਰਹਿੰਦੇ ਨੇ। ਲੋਕ ਆਪਣੇ ਪੈਰ ਆਪ ਕੁਹਾੜਾ ਮਾਰ ਰਹੇ ਨੇਂ। ਕੰਪਨੀਆਂ ਨੇ ਤਾਂ ਲੋਕਾਂ ਨੂੰ ਲੁੱਟਣਾ ਤੇ ਲੋਕਾਂ ਦਾ ਸਮਾਂ ਬਰਬਾਦ ਕਰਨਾ ਹੁੰਦਾ ਹੈ। ਚਾਰੇ ਪਾਸੇ ਲੁੱਟ ਦਾ ਮਾਹੌਲ ਹੈ। ਅਸੀਂ ਆਪਣੇ ਭਵਿੱਖ ਦੀ ਸੋਚ ਆਪ ਕਰਨੀ ਹੈ। ਕਿਸੇ ਨੇ ਸਾਡੇ ਬਾਰੇ ਨਹੀਂ ਸੋਚਣਾ, ਸਾਰੇ ਆਪਣੇ ਲਾਭ ਲਈ ਹੀ ਸੋਚਦੇ ਨੇ। ਬਹੁਤੇ ਕੰਪਨੀਆਂ ਵਾਲੇ ਤਾਂ ਸਾਡੇ ਬੱਚਿਆ ਦੀ ਸਿਹਤ, ਸਮਾਂ, ਸਿੱਖਿਆ ਸਭ ਦੂਸ਼ਿਤ ਕਰ ਰਹੇ ਨੇ।ਸੋ ਸਾਨੂੰ ਵਿਗਿਆਨ ਦੀ ਅਤੀ ਮਹੱਤਵ ਪੂਰਨ ਖੋਜ ਨੂੰ ਮਨੁੱਖਤਾ ਲਈ ਨੁਕਸਾਨਦਾਇਕ ਨਹੀਂ ਬਣਨ ਦੇਣਾ ਚਾਹੀਦਾ । ਤੇਰੇ ਵਰਗੇ ਸੁਝਵਾਨ ਨੌਜਵਾਨਾਂ ਨੇ ਹੀ ਦੂਜਿਆਂ ਨੂੰ ਸਿੱਖਿਅਤ ਕਰਨਾ ਹੁੰਦਾ ਹੈ। ਮੈਂ ਫੇਰ ਉਸ ਤੋਂ ਇਸ ਬਾਰੇ ਉਸਦੇ ਵਿਚਾਰ ਜਾਣੇ। ਉਸ ਨੇ ਕਿਹਾ, "ਅੰਕਲ ਜੀ! ਮੈਂ ਤੁਹਾਨੂੰ ਵਿਸ਼ਵਾਸ ਦਿਵਾਉਂਦਾ ਹਾਂ ਕਿ ਮੈਂ ਫੋਨ ਦੀ ਥਾਂ ਕਿਤਾਬਾਂ ਪੜ੍ਹਿਆ ਕਰਾਂਗਾ। ਮੈਨੂੰ ਹੋਰ ਕਿਤਾਬਾਂ ਦਿਓ।" ਮੈਂ ਵਿਗਿਆਨਕ ਵਿਚਾਰਾਂ ਨਾਲ ਸਬੰਧਿਤ ਮਾਨਸਿਕ ਰੋਗ ਕਾਰਨ ਤੇ ਇਲਾਜ ਅਤੇ ਡਾਕਟਰ ਸ਼ਿਆਮ ਸੁੰਦਰ ਦੀਪਤੀ ਦੀਆਂ ਕਈ ਕਿਤਾਬਾਂ ਦਿੱਤੀਆਂ।ਘਰਦਿਆਂ ਤੋਂ ਹਰ ਰੋਜ਼ ਰਿਪੋਰਟ ਲਈ ਜਾਂਦੀ ਤੇ ਦੂਜੇ ਤੀਜੇ ਦਿਨ ਲੜਕੇ ਨੂੰ ਮਿਲਿਆ ਵੀ ਜਾਂਦਾ। ਇੱਕ ਮਹੀਨੇ ਦੀ ਸਖ਼ਤ ਮਿਹਨਤ ਤੋਂ ਬਾਅਦ ਉਸ ਦੀ ਮੋਬਾਈਲ ਫੋਨ ਦੀ ਅਡਿਕਸ਼ਨ ਖ਼ਤਮ ਕਰਨ ਵਿੱਚ ਪੂਰਨ ਤੌਰ ਤੇ ਕਾਮਯਾਬ ਹੋ ਗਏ। ਅੱਜ ਕੱਲ ਉਹ ਆਪਣਾ ਵਾਧੂ ਸਮਾਂ ਕਿਤਾਬਾਂ ਪੜ੍ਹਨ ਵਿੱਚ ਗੁਜ਼ਾਰਦਾ ਹੈ ਤੇ ਘਰਦੇ ਬਹੁਤ ਖੁਸ਼ ਹਨ।

**ਮਾਸਟਰ ਪਰਮ ਵੇਦ**
**ਜ਼ੋਨ ਜਥੇਬੰਦਕ ਮੁਖੀ**
**ਤਰਕਸ਼ੀਲ ਸੁਸਾਇਟੀ ਪੰਜਾਬ**
**ਅਫਸਰ ਕਲੋਨੀ ਸੰਗਰੂਰ**
**9417422349**



Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition

# ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ

facebook
samajweekly

ਸਾਨੂੰ ਐਕਸ ਤੇ ਫੌਲੋ ਕਰੋ

@samajweekly

ਸਾਡੇ ਵਟਸਐੱਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ



ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

+44 7878 456484
email:-Samajweekly@gmail.com